੨੯ ਵਾਂ ਸਾਲ

# ਵਰਿਆਮ

ਮਈ, ੨੦੦੩



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

ਜਨਮ ਦਿਵਸ [illegible]

Namdhari Elibrary NamdhariElibrary@gmail.com

ਸਿਮ੍ਰਤੀ



ਪ੍ਰਿੰਸੀਪਲ ਬੀਬੀ ਬੇਅੰਤ ਕੌਰ ਜੀ

ਉਘੇ ਲੇਖਕ ਅਤੇ ਸਿਖਿਆ ਸ਼ਾਸਤਰੀ ਜੋ ੧੫ ਅਪ੍ਰੈਲ ੨੦੦੩ ਨੂੰ ਆਪਣੀ ਸੰਸਾਰ ਯਾਤਰਾ ਸੰਪੂਰਨ ਕਰ ਗਏ ਹਨ।

Namdhari Elibrary NamdhariElibrary@gmail.com

# ਵਰਿਆਮ

ਮਈ-੨੦੦੩
ਜਿਲਦ-੨੮
ਅੰਕ-੭

**ਸੰਪਾਦਕ**
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੨੫੪੩
ਘਰ : ੨੪੫੬੨੮੯

Office Address :
Monthly WARIAM
(Punjabi)
Ladowali Road.
Opp. Central Town.
Jalandhar-144001
Ph. : 2222543 (O)
2456289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੨੫ ਪੌਂਡ ਜਾਂ ੩੫ ਡਾਲਰ |

**ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।**

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਬੀਬੀ ਬੇਅੰਤ ਕੌਰ ਜੀ—*ਜਗਦੀਸ਼ ਸਿੰਘ* ---------- ੨
ਸਰਦਾਰ ਜੱਸਾ ਸਿੰਘ ਰਾਮਗੜ੍ਹੀਆ
—*ਦੇਵਿੰਦਰ ਸਿੰਘ ਗਿੱਲ ਜੋਆ ਨੱਥਾ* ----- ੫
ਬਾਜ਼ ਚਿੜੀਆਂ ਤੇ ਝਪਟੇ—*ਸ਼ਿਵ ਨਾਥ* ------------ ੮
ਧੰਨੈ ਸੇਵਿਆ ਬਾਲ ਬੁਧਿ—*ਡਾ. ਕੁਲਵੰਤ ਕੌਰ* ----------- ੯
ਕਹਿ ਗੰਧਾ ਸਿੰਘ ਜੱਟ—*ਸੁਵਰਨ ਸਿੰਘ ਵਿਰਕ* --------- ੧੩
ਸੰਗੀਤ ਸਾਜ਼ਾਂ ਦੀ ਚੋਣ—ਨਾਰੀ ਦ੍ਰਿਸ਼ਟੀ ਕੋਣ
—*ਗੌਰੀ* ------------------ ੨੧
ਇੱਜ਼ਤਦਾਰ ਮੰਗਤੇ—*ਸੁਰਜੀਤ ਸਿੰਘ ਜੀਤ (ਲੰਡਨ)* ----- ੨੩
ਚੀਨੀ ਵਾਲੇ ਮਾਹੀ—*ਨਿਸ਼ਾਨ ਇੰਡੀਖੇੜੀਆ* ----------- ੨੪
ਤਿੰਨ ਸਦੀਆਂ 'ਚ ਫੈਲਿਆ ਚਮਨ—*ਜਗਦੀਸ਼ ਸਿੰਘ* --- ੨੫
ਅਸਾਧ ਰੋਗਾਂ ਤੋਂ ਪੀੜਤਾਂ ਲਈ ਚਾਨਣ ਦੀ ਕਿਰਨ
ਆਰੀਆ ਵੈਦ-ਸ਼ਾਲਾ—*ਜਗਮੋਹਣ ਸਿੰਘ* ------------- ੨੯
ਖਬਰਨਾਮਾ --------------------------------- ੩੨

ਉਹ ਹੀ ਲੋਕ ਜ਼ਿਆਦਾ ਗਲਾਂ ਕਰਦੇ ਹਨ
ਜਿਨ੍ਹਾਂ ਕੋਲ ਕਹਿਣ ਨੂੰ ਕੁਝ ਨਹੀਂ ਹੁੰਦਾ।
—*ਥ. ਜਾਨਸਨ*

ਕਹਿਤ ਕਬੀਰ ਛੂਛਾ ਘੱਟ ਬੋਲੇ
ਭਰਿਆ ਹੋਇ ਸੋ ਕਬਹੂੰ ਨਾ ਡੋਲੇ
—*ਕਬੀਰ*

ਮੈਂ ਕਵੀਆਂ ਨੂੰ ਵੱਡੇ ਕੰਮਚੋਰ ਸਮਝਦਾ ਹਾਂ। ਜਦੋਂ ਕੋਈ ਨੌਜੁਆਨ ਲਿਖਾਰੀ ਮੇਰੇ ਪਾਸ ਆਪਣੀਆਂ ਕਵਿਤਾਵਾਂ ਲੈ ਕੇ ਆਉਂਦਾ ਹੈ, ਤਾਂ ਮੇਰਾ ਮਨ ਚੋਖਾ ਖਿੱਝ ਜਾਂਦਾ ਹੈ, ਤੇ ਕਈ ਵਾਰੀ ਮੈਂ ਉਸ ਦੇ ਮੂੰਹ ਉੱਤੇ ਹੀ ਕਹਿ ਦਿੰਦਾ ਹਾਂ ਕਿ ਉਸ ਨੇ ਕਵਿਤਾ ਤਦ ਲਿਖੀ ਹੈ ਕਿ ਉਹ ਕਹਾਣੀ ਜਾਂ ਕੋਈ ਹੋਰ ਗੱਦ ਰੂਪ ਰਚਣ ਦੀ ਮਿਹਨਤ ਤੋਂ ਜੀ ਚੁਰਾਂਦਾ ਹੈ।
—*ਸੰਤ ਸਿੰਘ ਸੇਖੋਂ, ਅੱਧੀ ਵਾਟ, ਪੰ. ੧੧*

ਕਵਿਤਾ ਇਕ ਰੱਬੀ ਸ਼ੈ ਹੈ। ਰੱਬ ਨੇ ਆਪਣੇ ਅਵਤਾਰਾਂ ਨੂੰ ਕਵੀ ਬਣਾਇਆ। ਅਸੀਂ ਜਿੰਨੀ ਵਧੇਰੇ ਕਵਿਤਾ ਪੜ੍ਹਾਂਗੇ, ਰੱਬ ਦੇ ਉਨ੍ਹਾਂ ਹੀ ਵਧੇਰੇ ਨੇੜੇ ਹੋਵਾਂਗੇ।
—*ਸ਼ੈਲੇ*



Namdhari Elibrary NamdhariElibrary@gmail.com

## ਬੀਬੀ ਬੇਅੰਤ ਕੌਰ ਜੀ

ਬੀਬੀ ਬੇਅੰਤ ਕੌਰ ਸਾਬਕਾ ਪ੍ਰਿੰਸੀਪਲ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਮਾਨਸਰੋਵਰ ਗਾਰਡਨ ੧੫ ਅਪ੍ਰੈਲ ੨੦੦੩ ਨੂੰ ਦਿਲੀ ਵਿਖੇ ਆਪਣੀ ਸੰਸਾਰ ਯਾਤਰਾ ਸੰਪੂਰਨ ਕਰ ਗਏ ਹਨ। ਆਪ ਚੜਦੀ ਕਲਾ ਦੇ ਪ੍ਰਤੀਕ ਸਨ। ਆਪ ਨੇ ਅਪਣੀ ਹਿੰਮਤ ਅਤੇ ਲਗਨ ਨਾਲ ਉੱਚ ਵਿਦਿਆ ਪ੍ਰਾਪਤ ਕੀਤੀ। ਬਚਿਆਂ ਨੂੰ ਵਿਦਿਆ ਦਾਨ ਦੇਣ ਦਾ ਕਿੱਤਾ ਅਪਣਾਇਆ। ਸਕੂਲਾਂ ਦੇ ਪਰਬੰਧ ਵਿੱਚ ਵਿਸ਼ੇਸ਼ ਨਾਮਣਾ ਖਟਿਆ। ਆਪ ਨੇ ਸੰਨ ੧੯੯੦ ਤੋਂ ਲਾਗਾਤਰ ਪੁਸਤਕਾਂ ਵੀ ਲਿਖੀਆਂ। ਸੂਬਾ ਗੰਡਾ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਹੋਲੇ ਹਮੱਲੇ, ਦਰਸਨੁ ਦੇਹੁ ਦਇਆਪਤਿ ਦਾਤੇ, ਇਹ ਸੁੰਦਰ ਸਿਆਮ ਕੀ ਮਾਨ ਤਮੈ, ਬੱਚਿਤ੍ਰ ਨਾਟਕ ਇਕ ਅਪੂਰਵ ਕ੍ਰਿਤੀ, ਦੀ ਨਾਮਧਾਰੀ ਸਿਖਸ (ਅੰਗਰੇਜ਼ੀ), ਸੁੰਦਰ ਸ਼ਿਆਮ (ਹਿੰਦੀ) ਤੋਂ ਇਲਾਵਾ ਕੁਝ ਪੁਸਤਕਾਂ ਪ੍ਰੈਸ ਵਿੱਚ ਹਨ। ਆਪ ਦਾ ਇਕ ਬਹੁਤ ਵੱਡਾ ਤੇ ਪ੍ਰਸਿਧੀ ਪ੍ਰਾਪਤੀ ਵਾਲਾ ਕਾਰਜ ਹੈ "ਲਾਲ ਏਹਿ ਰਤਨ" ਗ੍ਰੰਥ ਦਾ ਸੰਪਾਦਨ। ਇਹ ਗ੍ਰੰਥ ਦੋ ਜਿਲਦਾਂ ਵਿੱਚ ਤਾਂ ਪ੍ਰਕਾਸ਼ਤ ਹੋ ਚੁੱਕਾ ਹੈ ਦੋ ਭਾਗ ਛਪ ਰਹੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੁਰਲਭ ਪ੍ਰਵਚਨਾਂ ਭਾਸ਼ਣਾਂ ਨੂੰ ਪੁਸਤਕ ਦਾ ਰੂਪ ਦੇਣਾ ਕਠਨ ਕਾਰਜ ਸੀ। ਆਪ ਦੇ ਪਤੀ ਸ. ਸੰਤ ਸਿੰਘ, ਬੀਬੀ ਜੀ ਦੇ ਇਹਨਾਂ ਕੰਮਾਂ ਵਿਚ ਸਦਾ ਸਹਿਯੋਗੀ ਹਨ। ਆਪ ਨੇ 'ਲਾਲ ਏਹਿ ਰਤਨ' ਗ੍ਰੰਥ ਦੀਆਂ ਸੈਚੀਆਂ ਵਿੱਚ ਇਹ ਕਾਰਜ ਕਰਕੇ ਪੁੰਨ ਅਤੇ ਜੱਸ ਖਟਿਆ ਹੈ। ਬੀਬੀ ਜੀ ਦੇ ਪਿਤਾ ਸੂਬਾ ਗੰਡਾ ਸਿੰਘ ਅਤੇ ਸੌਹਰਾ ਸਾਹਿਬ ਬਾਬੂ ਬਚਨ ਸਿੰਘ ਜੀ ਇੰਜੀਨਰਿੰਗ ਅਤੇ ਪੰਥਕ ਖੇਤਰ ਵਿੱਚ ਪ੍ਰਸਿਧ ਨਾਮ ਸਨ। ਆਪ ਦਾ ਸਾਰਾ ਪੇਕਾ ਸੌਹਰਾ ਪਰਿਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਨਿੰਨ ਸੇਵਕ ਰਿਹਾ ਹੈ। ਆਪ ਦਾ ਸਸਕਾਰ ੧੬ ਅਪ੍ਰੈਲ ਸਵੇਰੇ ਦਿਲੀ ਵਿੱਚ ਕਰ ਦਿਤਾ ਗਿਆ ਅਤੇ ਵਿਛੜੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਅਤੇ ਸਰਧਾਂਜਲੀ ਸਮਾਗਮ ੨੭ ਅਪ੍ਰੈਲ ਨੂੰ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੈ। ਵਰਿਆਮ ਦੇ ਉਹ ਪਰਮ ਸਨੇਹੀ ਸਨ। ਅਸੀਂ ਬੀਬੀ ਜੀ ਨੂੰ ਨਤਮਸਤਕ ਹੋ ਸ਼ਰਧਾਂਜਲੀ ਅਰਪਿਤ ਕਰਦੇ ਹਾਂ।

*—ਜਗਦੀਸ਼ ਸਿੰਘ*

## ਪ੍ਰਿੰਸੀਪਲ ਬੇਅੰਤ ਕੌਰ

ਪ੍ਰਿੰਸੀਪਲ ਬੇਅੰਤ ਕੌਰ ਜੀ ਦਾ ਜਨਮ ਪ੍ਰਸਿੱਧ ਰਾਮਗੜ੍ਹੀਆ ਨਾਮਧਾਰੀ ਸੰਤ ਸੂਬਾ ਗੰਡਾ ਸਿੰਘ ਤੇ ਮਾਤਾ ਕੇਸਰ ਕੌਰ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਨੇ ਜਲੰਧਰ ਤੋਂ ਪੰਜਾਬੀ ਤੇ ਅੰਗਰੇਜ਼ੀ ਦੀ ਐਮ. ਏ ਕੀਤੀ ਅਤੇ ਹਿੰਦੀ ਵਿੱਚ ਸਾਹਿਤ ਰਤਨ ਦੀ ਡਿਗਰੀ ਹਾਸਲ ਕੀਤੀ। ਉਪ੍ਰੰਤ ਗੌਰਮਿੰਟ ਟ੍ਰੇਨਿੰਗ ਕਾਲਿਜ ਜਲੰਧਰ ਤੋਂ ਬੀ.ਟੀ ਕਰ ਲਈ ਤੇ ਸਰਸਵਤੀ ਟ੍ਰੇਨਿੰਗ ਕਾਲਿਜ ਜਲੰਧਰ ਵਿੱਚ ਲੈਕਚਰਾਰ ਲਗ ਗਏ। ਬਾਅਦ ਵਿੱਚ ਭਾਰਤ ਹੈਵੀ ਇਲੈਕਟਰੀਕਲਜ਼ ਹਰਦਵਾਰ ਦੇ ਅੰਗਰੇਜ਼ੀ ਮਾਧਿਆਮ ਸਕੂਲ ਵਿੱਚ ੧੦ ਸਾਲ ਤਕ ਅੰਗਰੇਜ਼ੀ ਪੜ੍ਹਾਉਂਦੇ ਰਹੇ।

੧੯੯੧ ਵਿਚ ਦਿੱਲੀ ਵਿਖੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਚਾਲੂ ਕੀਤਾ ਗਿਆ। ਪਹਿਲਾਂ ਆਪ ਨੂੰ ਅਕਾਦਮਿਕ ਮੈਂਬਰ ਦੇ ਤੌਰ ਤੇ ਕਮੇਟੀ ਵਿੱਚ ਲਿਆ ਗਿਆ। ੧੯੯੫ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਦੇਸ਼ਾਂ ਅਨੁਸਾਰ ਆਪ ਨੇ ਏਸੇ ਸਕੂਲ ਦੀ ਪ੍ਰਿੰਸੀਪਲ ਵਜੋਂ ਕੰਮ ਸੰਭਾਲਿਆ। ਸਕੂਲ ਸੀਨੀਅਰ ਸੈਕੰਡਰੀ ਸਕੂਲ ਬਣ ਗਿਆ ਤੇ ਆਪ ਦੀ ਸੁਚੱਜੀ ਅਗਵਾਈ ਵਿਚ ਚੜ੍ਹਦੀਆਂ ਕਲਾਂ ਵਿੱਚ ਜਾਣ ਲਗਾ। ਇਸ ਸਕੂਲ ਵਿੱਚ ਸਿਖਿਆ ਨਾਮਧਾਰੀ ਮਰਯਾਦਾ ਅਨੁਸਾਰ ਦਿਤੀ ਜਾਂਦੀ ਹੈ ਤੇ ਬਚਿਆਂ ਨੂੰ ਸਾਦਾ ਗੁਰ ਸਿੱਖਾਂ ਵਾਲਾ ਜੀਵਨ ਜਿਊਣ ਦੀ ਜਾਚ ਦੱਸੀ ਜਾਂਦੀ ਹੈ। ੧੯੯੨ ਵਿਚ ਹੋਏ ਬਸੰਤ ਮੇਲੇ ਤੇ ਸਕੂਲ ਦੇ ਵਿਦਿਆਰਥੀਆਂ ਨੇ ਆਪਣੇ ਅੰਗਰੇਜ਼ੀ ਫੈਸ਼ਨ ਦੇ ਕੱਪੜੇ ਸਾੜ ਦਿੱਤੇ



Namdhari Elibrary NamdhariElibrary@gmail.com

ਤੇ ਸਿਧੇ ਸਾਦੇ ਦੇਸੀ ਕਪੜੇ ਪਹਿਨਣ ਦਾ ਪ੍ਰਣ ਲਿਆ।

ਸ੍ਰੀਮਤੀ ਬੇਅੰਤ ਕੌਰ ਦਾ ਵਿਆਹ ੧੬ ਸਾਲ ਦੀ ਉਮਰ ਵਿੱਚ ਨਾਮਧਾਰੀ ਪਰਿਵਾਰ ਵਿੱਚ ਬਾਬੂ ਬਚਨ ਸਿੰਘ ਚੀਫ ਐਨਜੀਨੀਅਰ ਦੇ ਸਪੁੱਤਰ ਸੰਤ ਸਿੰਘ ਨਾਲ ਹੋ ਗਿਆ ਸੀ। ਜਦੋਂ ਕਿ ਆਪ ਅਜੇ ਦੱਸਵੀਂ ਜਮਾਤ ਵਿੱਚ ਪੜ੍ਹ ਹੀ ਰਹੇ ਸਨ। ਵਿਆਹ ਪਿਛੋਂ ਵੀ ਆਪ ਨੇ ਆਪਣੀ ਪੜ੍ਹਾਈ ਜਾਰੀ ਰਖੀ ਤੇ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ। ਪੰਜਾਬੀ ਹਿੰਦੀ ਤੇ ਅੰਗਰੇਜ਼ੀ ਤੋਂ ਇਲਾਵਾ ਆਪ ਉਰਦੂ, ਜਰਮਨ ਤੇ ਫਰੈਂਚ ਬੋਲੀਆਂ ਵੀ ਜਾਣਦੇ ਸਨ। ਆਪ ਦੇ ਪਤੀ ਸ: ਸੰਤ ਸਿੰਘ ਭਾਰਤ ਹੈਵੀ ਇਲੈਕਟਰੀਕਲਜ਼ ਵਿੱਚ ਜਨਰਲ ਮੈਨੇਜਰ ਦੇ ਅਹੁਦੇ ਤੋਂ ੧੯੯੧ ਵਿਚ ਰਿਟਾਇਰ ਹੋਏ। ਆਪ ਦੇ ਦੋ ਸਪੁੱਤਰ ਹਨ ਜੋ ਇੰਜਨੀਅਰਿੰਗ ਦੀ ਪੜ੍ਹਾਈ ਕਰਕੇ ਅਛੀਆਂ ਪਦਵੀਆਂ ਤੇ ਲਗੇ ਹੋਏ ਹਨ। ਸਾਰਾ ਪਰਿਵਾਰ ਨਾਮਧਾਰੀ ਮਰਿਆਦਾ ਅਨੁਸਾਰ ਰਹਿ ਰਿਹਾ ਹੈ। ਇਕ ਸਿਖਿਆ ਸ਼ਾਸਤਰੀ ਦੇ ਤੌਰ ਤੇ ਬੀਬੀ ਬੇਅੰਤ ਕੌਰ ਦੀਆਂ ਸੇਵਾਵਾਂ ਮਹਾਨ ਹਨ। ਆਪਨੇ ਸੰਪਰਦਾ ਤੇ ਕਈ ਕਿਤਾਬਾਂ ਵੀ ਲਿਖੀਆਂ ਹਨ। *ਪੁਸਤਕ ਰਾਮਗੜ੍ਹੀਆ ਵਿਰਸਾ*

*ਲੇਖਕ ਕੁਲਵੰਤ ਸਿੰਘ*

## ਬਲਵੰਤ ਗਾਰਗੀ ਸਦੀਵੀ ਵਿਛੋੜਾ ਦੇ ਗਏ

ਪੰਜਾਬੀ ਦੇ ਸਰਬਾਂਗੀ ਲੇਖਕ ਬਲਵੰਤ ਗਾਰਗੀ ਛਿਆਸੀ ਸਾਲ ਦੀ ਉਮਰ ਭੋਗ ਕੇ ੨੧, ਅਪ੍ਰੈਲ ਸਾਢੇ ਦਸ ਵਜੇ ਰਾਤ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਮੁੰਬਈ ਦੇ ਹਸਪਤਾਲ ਵਿਚ ਬੇਸੁਰਤੀ ਦੇ ਆਲਮ ਵਿਚ ਦਾਖਲ ਕਰਵਾਇਆ ਗਿਆ, ਜਿਥੇ ਇਕ-ਇਕ ਕਰਕੇ ਉਨ੍ਹਾਂ ਦੇ ਅੰਗ ਜੁਆਬ ਦੇ ਗਏ। ਡਾਕਟਰਾਂ ਦੇ ਵਾਹ ਲਾ ਥੱਕਣ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਮਨੂੰ ਤੇ ਉਨ੍ਹਾਂ ਦੀ ਬੇਟੀ ਜੰਨਤ ਘਰ ਲੈ ਗਏ, ਜਿਥੇ ਦੋ ਕੁ ਦਿਨਾਂ ਬਾਅਦ ਉਨ੍ਹਾਂ ਆਖਰੀ ਸੁਆਸ ਲਏ।

੨੨ ਅਪ੍ਰੈਲ ਨੂੰ ਉਨ੍ਹਾਂ ਦੀ ਦੇਹ ਨੂੰ ਉਨ੍ਹਾਂ ਦਾ ਪੁੱਤਰ, ਧੀ, ਸ਼ਾਗਿਰਦ ਅਮਰੀਕ ਗਿੱਲ ਅਤੇ ਗਾਰਗੀ ਦੇ ਦੋ ਸੇਵਾਦਾਰ ਕੁਲਵੰਤ ਸਿੰਘ ਤੇ ਰਾਜੂ ਸਵੇਰੇ ਦਸ ਵਜੇ ਦਿੱਲੀ ਲੈ ਕੇ ਪਹੁੰਚੇ ਅਤੇ ਉਨ੍ਹਾਂ ਦੀਆਂ ਅੰਤਿਮ ਰਸਮਾਂ ਰਾਜਧਾਨੀ ਦੇ ਲੋਧੀ ਸ਼ਮਸ਼ਾਨਘਾਟ ਵਿਚ ਪੂਰੀਆਂ ਹੋਈਆਂ।

ਉਨ੍ਹਾਂ ਦੀ ਅਰਥੀ ਨੂੰ ਉਨ੍ਹਾਂ ਦੇ ਪੁੱਤਰ ਮਨੂੰ, ਭਰਾ ਕੇਵਲ ਗਾਰਗੀ, ਅਮਰੀਕ ਗਿੱਲ, ਗਾਰਗੀ ਦੇ ਦੋ ਨਿੱਜੀ ਸੇਵਾਦਾਰਾਂ ਤੋਂ ਇਲਾਵਾ ਮਸ਼ਹੂਰ ਰੰਗਕਰਮੀ ਇਬਰਾਹੀਮ ਅਲਕਾਜ਼ੀ ਨੇ ਮੋਢਾ ਦਿੱਤਾ।

ਪੰਜਾਬੀ ਅਕਾਡਮੀ ਦਿੱਲੀ ਵਲੋਂ ਉਨ੍ਹਾਂ ਦੀ ਦੇਹ 'ਤੇ ਫੁੱਲ ਮਾਲਾ ਚੜ੍ਹਾਈ ਗਈ। ਉਨ੍ਹਾਂ ਦੇ ਅੰਤਿਮ ਸੰਸਕਾਰ ਵਿਚ ਪਹੁੰਚਣ ਵਾਲਿਆਂ ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ, ਭਾਪਾ ਪ੍ਰੀਤਮ ਸਿੰਘ, ਕਰਤਾਰ ਸਿੰਘ ਦੁੱਗਲ, ਸਤੀਸ਼ ਗੁਜਰਾਲ, ਡਾ. ਕਰਨਜੀਤ ਸਿੰਘ, ਡਾ. ਅਮਰੀਕ ਸਿੰਘ, ਹਰਭਜਨ ਸਿੰਘ ਰਤਨ, ਰੰਗਕਰਮੀ ਉਮਾ ਵਾਸੁਦੇਵ, ਅਮਲ ਐਲਾਨਾ, ਅਨੁਪਮ ਖੇਰ, ਡਾ. ਰਵੇਲ ਸਿੰਘ, ਡਾ. ਮਨਜੀਤ ਸਿੰਘ, ਡਾ. ਮਨਮੋਹਨ, ਰਮੇਸ਼ ਸ਼ਰਮਾ, ਰੇਣੂਕਾ ਸਿੰਘ, ਚਰਨਜੀਤ ਸਿੰਘ ਚੰਨ, ਗੁਰਬਚਨ ਸਿੰਘ, ਸੁਕੀਰਤ (ਨਵਾਂ ਜ਼ਮਾਨਾ) ਤੇ ਹੋਰ ਸਨੇਹੀ ਸ਼ਾਮਲ ਸਨ।

ਵਰਨਣਯੋਗ ਹੈ ਕਿ ਸ੍ਰੀ ਬਲਵੰਤ ਗਾਰਗੀ ਨੇ ੧੭ ਸਤੰਬਰ, ੧੯੯੭ ਦੀ ਆਪਣੀ ਆਖਰੀ ਵਸੀਅਤ ਵਿਚ ਪਰਿਵਾਰਕ ਮੈਂਬਰਾਂ ਨੂੰ ਹਦਾਇਤਾਂ ਕੀਤੀਆਂ ਸਨ ਕਿ ਉਨ੍ਹਾਂ ਦੀ ਮੌਤ 'ਤੇ ਨਾ ਕੋਈ ਸੋਗ ਮਨਾਇਆ ਜਾਵੇ ਤੇ ਨਾ ਹੀ ਛਾਤੀਆਂ ਪਿੱਟੀਆਂ ਜਾਣ, ਸਗੋਂ ਪਰਿਵਾਰ ਦੇ ਮੈਂਬਰ ਤੇ ਉਨ੍ਹਾਂ ਦੇ ਸਨੇਹੀ ਰਲ ਕੇ ਪ੍ਰੀਤੀ ਭੋਜ ਕਰਨ।

ਉਨ੍ਹਾਂ ਦੀ ਆਖਰੀ ਇੱਛਾ ਇਹ ਸੀ ਕਿ ਉਨ੍ਹਾਂ ਦੀ ਰਾਖ ਤੇ ਫੁੱਲ ਬਠਿੰਡੇ ਕੋਲ ਉਨ੍ਹਾਂ ਦੀ ਜਨਮ ਭੂਮੀ ਨੇੜੇ ਵਹਿੰਦੀ ਸਰਹਿੰਦ ਨਹਿਰ ਵਿਚ ਪ੍ਰਵਾਹ ਕੀਤੇ ਜਾਣ, ਤਾਂ ਜੋ ਉਹ ਉਸ ਧਰਤੀ ਵਿਚ ਸਮਾਂ ਜਾਣ, ਜਿਸ ਦੀ ਸੁਨਹਿਰੀ ਰੇਤ 'ਤੇ ਖੇਡਦਿਆਂ ਉਨ੍ਹਾਂ ਆਪਣਾ ਬਚਪਨ ਬਿਤਾਇਆ ਸੀ।



Namdhari Elibrary NamdhariElibrary@gmail.com

*Our Motto : Best Quality of the Day*

## *High Class Gun Manufacturers*

## Single & Double Barrels



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Namdhari Elibrary NamdhariElibrary@gmail.com

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

—ਦੇਵਿੰਦਰ ਸਿੰਘ ਗਿੱਲ (ਜੋਆ ਨੱਥਾ)

ਸਰਦਾਰ ਜੱਸਾ ਸਿੰਘ ਰਾਮਗੜ੍ਹੀਆਂ ਨੇ ਸਿੱਖ ਇਤਿਹਾਸ ਵਿਚ ਆਪਣੇ ਸਮੇਂ ਅਹਿਮ ਰੋਲ ਅਦਾ ਕੀਤਾ ਤੇ ਕਿਰਤੀ ਸ਼ਿਲਪਕਾਰਾਂ ਅਤੇ ਲੁਹਾਰ-ਤਰਖਾਣਾਂ ਕਿਰਤੀਆਂ ਨੂੰ ਦੂਜੇ ਵਰਗਾਂ ਬਰਾਬਰ ਖੜੇ ਹੋਣ ਦਾ ਮਾਣ ਬਖਸ਼ਿਆ। ਚਾਹੇ ਜੱਟਾਂ 'ਤੇ ਰਾਜਪੂਤਾਂ ਵਾਂਗ ਉਹ ਵੀ ਕੋਈ ਨੀਚ ਵਰਗ ਦੇ ਨਹੀਂ ਸਨ, ਪ੍ਰੰਤੂ ਕੁਝ ਉੱਚ ਜਾਤੀਏ ਲੋਕਾਂ ਨੇ ਰਾਮਗੜ੍ਹੀਆ ਬਰਾਦਰੀ ਦਾ ਮਾਣ ਘਟਾ ਦਿੱਤਾ ਸੀ। ਪ੍ਰੰਤੂ ਸਰਦਾਰ ਜੱਸਾ ਸਿੰਘ ਨੇ ਐਸਾ ਮਾਣ ਉਸ ਜਾਤੀ ਵਰਗ ਨੂੰ ਦਿੱਤਾ ਕਿ ਕਿਲ੍ਹਾ ਰਾਮ ਰੌਣੀ ਉਸਾਰਨ ਨਾਲ ਉਸ ਦੇ ਨਾਮ ਨਾਲ ਤਾਂ ਰਾਮਗੜ੍ਹੀਆ ਸ਼ਬਦ ਜੁੜਨਾ ਹੀ ਸੀ, ਸਗੋਂ ਉਸ ਦੇ ਬਾਅਦ ਸਮੁੱਚੀ ਤਰਖਾਣ ਜਾਤੀ ਨੂੰ ਵੀ ਰਾਮਗੜ੍ਹੀਆ ਜਾਤੀ ਨਾਮ ਨਾਲ ਪੁਕਾਰਿਆ ਜਾਣ ਲੱਗਾ।

ਗੁਰੂ ਗੋਬਿੰਦ ਸਿੰਘ ਜੀ ਨੇ ਜੋ ਸੁਪਨਾ ਖਾਲਸਾ ਰਾਜ, ਭਾਵ ਹਲੀਮੀ ਦਾ ਰਾਜ ਕਾਇਮ ਕਰਨ ਦਾ ਚਿਤਵਿਆ ਸੀ, ਉਸਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ, ਸੰਪੂਰਨ ਰੂਪ ਦਿੱਤਾ ਅਤੇ ਖਾਲਸਾ ਰਹਿਤ ਤੇ ਮਰਯਾਦਾ ਨੂੰ ਪਰਪੱਕਤਾ ਬਖਸ਼ੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਤਲਵਾਰਾਂ ਦੀ ਛਾਂ ਹੇਠ ਹੋਇਆ। ਉਸ ਸਮੇਂ ਭਾਵ ੧੭੨੩ ਈਸਵੀ ਵਿਚ ਪੰਜਾਬ ਵਿਚ ਆਤੰਕ ਦਾ ਰਾਜ ਸੀ, ਦਿੱਲੀ ਦੀ ਹਕੂਮਤ ਖ਼ਤਮ ਹੋ ਚੁੱਕੀ ਸੀ, ਸੂਬੇਦਾਰ ਪਰਜਾ ਨੂੰ ਲੁੱਟ ਲੁੱਟ ਕੇ ਖਾ ਰਹੇ ਸਨ। ਬੰਦਾ ਬਹਾਦਰ ਜੀ ਵਲੋਂ ਕਾਇਮ ਕੀਤਾ ਖਾਲਸਾ ਰਾਜ ਖੇਰੂ ਖੇਰੂ ਹੋ ਚੁੱਕਾ ਸੀ। ਸਿੱਖਾਂ ਦਾ ਪਿੰਡਾਂ ਤੇ ਕਸਬਿਆਂ ਵਿਚ ਰਹਿਣਾ ਹਕੂਮਤ ਨੇ ਮੁਹਾਲ ਕਰ ਦਿੱਤਾ ਸੀ। ਸਿੱਖਾਂ ਦੇ ਸਿਰਾਂ ਤੇ ਇਨਾਮ ਰੱਖਿਆ ਹੋਇਆ ਸੀ। ਹਕੂਮਤ ਨੇ ਸਿੱਖਾਂ ਨੂੰ ਖ਼ਤਮ ਕਰਨ ਦੀ ਕਸਮ ਖਾ ਰੱਖੀ ਸੀ। ਉਸ ਭਿਆਨਕ ਸਮੇਂ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ, ਸਰਦਾਰ ਭਗਵਾਨ ਸਿੰਘ ਦੇ ਘਰ ਹੋਇਆ। ਸਰਦਾਰ ਭਗਵਾਨ ਸਿੰਘ ਆਪਣੇ ਪਿਤਾ, ਹਰਦਾਸ ਸਿੰਘ ਵਾਂਗ ਗੁਰਸਿੱਖੀ ਵਿਚ ਪਰਪੱਕ ਸੀ। ਗਿਆਨੀ ਗਿਆਨ ਸਿੰਘ ਜੀ "ਸ੍ਰੀ ਗੁਰੂ ਪੰਥ ਪ੍ਰਕਾਸ਼" ਵਿਚ ਜੱਸਾ ਸਿੰਘ ਰਾਮਗੜ੍ਹੀਆ ਦੇ ਬਜ਼ੁਰਗਾਂ ਬਾਰੇ ਇਸ ਪ੍ਰਕਾਰ ਲਿਖਦੇ ਹਨ—

ਇਨਕਾ ਬਡਾ ਸਿੰਘ ਹਰਿਦਾਸ,<br>
ਰਹਯੋ ਗੁਰੂ ਗੋਬਿੰਦ ਸਿੰਘ ਪਾਸ।<br>
ਮਨ ਤਨ ਧਰ ਕਰ ਸੇਵ ਕਮਾਈ,<br>
ਗੁਰਵਰ ਦੀਨੋ ਰਾਜ ਲੁਭਾਈ।<br>
ਸਿੰਘ ਭਗਵਾਨ ਤਾਹਿ ਸੁਤ ਭਯੋ,<br>
ਅਬਚਲ ਨਗਰ ਗੁਰੂ ਸੰਗ ਗਯੋ।

ਸਮੇਂ ਦੀ ਮੰਗ ਅਨੁਸਾਰ ਜੱਸਾ ਸਿੰਘ ਨੇ ਬਚਪਨ ਵਿਚ ਹੀ ਤਲਵਾਰ ਦੇ ਜੌਹਰ ਵਿਖਾਉਣੇ ਸ਼ੁਰੂ ਕਰ ਦਿੱਤੇ। ੧੭੩੯ ਈਸਵੀ ਵਿਚ ਜਦੋਂ ਨਾਦਰ ਸ਼ਾਹ ਨੇ ਹਮਲਾ ਕੀਤਾ ਤਾਂ ਉਸ ਅਗੇ ਨਾ ਤਾਂ ਕੋਈ ਪੰਜਾਬ ਦਾ ਹਾਕਮ ਠਹਿਰ ਸਕਿਆ ਅਤੇ ਨਾ ਹੀ ਦਿੱਲੀ ਦੀ ਹਕੂਮਤ ਨੇ ਲੋਹਾ ਲਿਆ। ਉਸ ਭਿਆਨਕ ਸਮੇਂ ਗਰੀਬ ਸਿੱਖ ਜਿਨ੍ਹਾਂ ਦੀ ਸੰਪੱਤੀ ਸਿਰਫ ਤਲਵਾਰ, ਢਾਲ ਤੇ ਘੋੜਾ ਹੁੰਦੀ ਸੀ, ਨੇ ਵਾਰ ਵਾਰ ਛਾਪੇ ਮਾਰ ਕੇ ਨਾਦਰ ਸ਼ਾਹ ਨੂੰ ਜਿੱਚ ਕੀਤਾ। ਉਸ ਸਮੇਂ ਬਹਾਦਰ ਸਿੱਖਾਂ ਵਿਚ ਨੌਜਵਾਨ ਜੱਸਾ ਸਿੰਘ ਵੀ ਸ਼ਾਮਲ ਸੀ। ਉਹਨਾਂ ਦੀ ਬਹਾਦਰੀ ਵੇਖ ਕੇ ਹੀ ਨਾਦਰ ਸ਼ਾਹ ਨੇ ਕਿਹਾ ਸੀ—

"ਅਜ ਈਂ ਬੂਏ ਸ਼ਾਹੀ ਮੇ ਆਇਦ"<br>
(ਇਨ੍ਹਾਂ ਕੋਲੋਂ ਬਾਦਸ਼ਾਹਾਂ ਵਰਗੀ ਖੁਸ਼ਬੂ ਆਉਂਦੀ ਹੈ)

੧੭੪੬ ਈਸਵੀ ਵਿਚ ਸਿੱਖ ਇਤਿਹਾਸ ਵਿਚ ਇਕ ਅਹਿਮ ਘਟਨਾ ਵਾਪਰੀ। ਕੁਝ ਸਿੱਖਾਂ ਦਾ ਜੱਥਾ ਗੁਰਦਵਾਰਾ ਐਮਨਾਬਾਦ ਵਲ ਜਾ ਰਿਹਾ ਸੀ ਤਾਂ ਅਚਾਨਕ ਲਾਹੌਰ ਦੇ ਦੀਵਾਨ ਲਖਪਤ ਰਾਇ ਦੇ ਭਰਾ ਜਸਪਤ ਰਾਇ ਨੇ ਸਿੱਖਾਂ ਨੂੰ ਵੇਖ ਕੇ ਹਮਲਾ ਕਰ ਦਿੱਤਾ। ਉਸਦਾ ਖਿਆਲ ਸੀ ਕਿ ਸਿੱਖ ਖਿੰਡ-ਪੁੰਡ ਜਾਣਗੇ, ਪਰ ਐਸਾ ਨਹੀਂ ਹੋਇਆ। ਨਿਬੋਹ ਸਿੰਘ ਨਾਮ ਦੇ ਇਕ ਸਿੱਖ ਨੇ ਬੜੀ ਬਹਾਦਰੀ ਨਾਲ ਜਸਪਤ ਰਾਇ ਨੂੰ ਤਲਵਾਰ ਦੇ ਇਕ ਵਾਰ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਜਦੋਂ ਸਿੱਖਾਂ ਦੀ ਜਿੱਤ ਦੀ ਖ਼ਬਰ ਲਾਹੌਰ ਪੁੱਜੀ ਤਾਂ ਲਖਪਤ ਰਾਇ ਸੁਣਕੇ ਬਹੁਤ ਗੁੱਸੇ ਵਿਚ ਆ ਗਿਆ ਅਤੇ ਸਿੱਖਾਂ ਦਾ ਖਾਤਮਾ ਕਰਨ ਲਈ ਕਾਹਨੂੰਵਾਨ ਦੇ ਛੰਭ ਵਿਚ, ਜਿਥੇ ਸਿੱਖਾਂ ਦਾ ਵਹੀਰ ਠਹਿਰਿਆ ਹੋਇਆ ਸੀ, ਹਮਲਾ ਕਰ ਦਿੱਤਾ। ਉਸ ਵਹੀਰ ਵਿਚ ਜੱਸਾ ਸਿੰਘ ਵੀ ਸ਼ਾਮਲ ਸੀ।



Namdhari Elibrary NamdhariElibrary@gmail.com

ਸਿੱਖਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਪ੍ਰੰਤੂ ਦੀਵਾਨ ਲਖਪਤ ਰਾਇ ਸਿੱਖੀ ਸਪਿਰਟ ਨੂੰ ਖ਼ਤਮ ਨਹੀਂ ਕਰ ਸਕਿਆ। ਉਸ ਸਮੇਂ ਹਾਲਾਤ ਅਨੁਸਾਰ ਪੰਥ ਨੇ ਵਿਚਾਰ ਕੀਤੀ ਕਿ ਅੰਮ੍ਰਿਤਸਰ ਵਿਖੇ ਖਾਲਸੇ ਨੂੰ ਵੀ ਇਕ ਕਿਲ੍ਹਾ ਉਸਾਰਨਾ ਚਾਹੀਦਾ ਹੈ, ਇਹ ਤਜਵੀਜ਼ ਸੁੱਖਾ ਸਿੰਘ 'ਮਾੜੀ ਕੰਬੋ ਕੀ' ਨੇ ਦੱਸੀ, ਜਿਸਦੀ ਪ੍ਰੋੜਤਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕੀਤੀ। ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ—

ਸੁੱਖਾ ਸਿੰਘ ਤਬ ਐਸ ਉਚਾਰਾ।
ਹੈ ਅਸਥਾਨ ਇਕ ਅਜ਼ਮਤ ਵਾਰਾ।
ਤੀਰਥ ਰਾਮ ਸਰ ਹਮਨੇ ਹੇਰਾ।
ਬਿਯਾਬ ਘਯਾੜ ਕੇ ਅਜਾਨੇ ਤੇਰਾ।
ਖਾਈ ਕੋਟ ਕਿਲੇ ਕੀ ਓਟ।
ਹੋਇ ਸਕਤ ਹੈ ਜੰਗ ਅਟੋਟ।

ਗੁਰਮਤਾ ਸੋਧਿਆ ਗਿਆ ਤੇ ਸਿੰਘ ਆਪ ਹੀ ਰਾਜ ਮਜ਼ਦੂਰ ਬਣੇ। ਸ੍ਰੀ ਅੰਮ੍ਰਿਤਸਰ ਵਿਖੇ ਪੰਜਾਂ ਸਰੋਵਰਾਂ ਦੇ ਗਿਰਦ ਕੱਚੀ ਗੜ੍ਹੀ ਬਣਾਈ ਗਈ ਤੇ ਉਸ ਦੁਆਲੇ ਕਚੀ ਖਾਈ ਖੋਦੀ ਗਈ ਤੇ ਨਾਮ 'ਰਾਮ ਰੌਣੀ' ਰੱਖਿਆ ਗਿਆ। ਉਹ ਕਿਲ੍ਹਾ ਰਾਮਰੌਣੀ ਜਾਂ ਰਾਮਗੜ੍ਹ ਦੇ ਨਾਮ ਤੇ ਸਰਦਾਰ ਜੱਸਾ ਸਿੰਘ ਦੇ ਨਾਮ ਨਾਲ ਰਾਮਗੜ੍ਹੀਆ ਸ਼ਬਦ ਜੁੜ ਗਿਆ। ਸਰਦਾਰ ਜੱਸਾ ਸਿੰਘ ਰਾਜਨੀਤੀ ਤੇ ਕੂਟਨੀਤੀ ਵਿਚ ਪੂਰੀ ਤਰ੍ਹਾਂ ਨਿਪੁੰਨ ਸਨ। ਪੰਥ ਖਾਲਸਾ ਵਲੋਂ ਜੱਸਾ ਸਿੰਘ ਰਾਮਗੜ੍ਹੀਆ ਨੂੰ ਰਾਜਦੂਤ ਬਣਾ ਕੇ ਅਦੀਨਾ ਬੇਗ ਹਾਕਮ ਜਲੰਧਰ ਕੋਲ ਭੇਜਿਆ ਗਿਆ। ਉਥੋਂ ਜੱਸਾ ਸਿੰਘ ਗੁਪਤ ਸੂਚਨਾਵਾਂ ਤੇ ਖਬਰਾਂ ਪੰਥ ਖਾਲਸਾ ਦੇ ਆਗੂਆਂ ਕੋਲ ਪਹੁੰਚਾਉਂਦਾ ਰਹਿੰਦਾ। ਬਾਬਾ ਪ੍ਰੇਮ ਸਿੰਘ ਹੋਤੀ ਪੁਸਤਕ 'ਖਾਲਸਾ ਰਾਜ ਦੇ ਉਸਰੱਈਏ' (ਦੂਜਾ ਹਿੱਸਾ) ਵਿਚ ਲਿਖਦੇ ਹਨ—

"ਇਧਰ ਖਾਲਸਾ ਭੀ ਸਮੇਂ ਦੀਆਂ ਰਾਜਸੀ ਚਾਲਾਂ ਵਿਚ ਪੂਰਨ ਪ੍ਰਵੀਣ ਹੋ ਗਿਆ ਸੀ। ਉਹ ਭੀ ਚਾਹੁੰਦਾ ਸੀ ਕਿ ਲੋੜ ਵਿਚ ਫਾਥੇ ਪਏ ਹਾਕਮ ਨਾਲ ਮੇਲ ਕਰ ਲੈਣ ਵਿਚ ਭਲਾ ਹੀ ਭਲਾ ਹੈ। ਆਪਣੇ ਸਵੈ ਸਤਿਕਾਰ ਨੂੰ ਮੁੱਖ ਰੱਖ ਕੇ ਜਿਥੋਂ ਤੀਕ ਮਿਲਾਪ ਨਿਭ ਸਕੇ ਉਥੋਂ ਤਕ ਨਿਬਾਹੁਣ ਵਿਚ ਕਿਸੇ ਤਰ੍ਹਾਂ ਹਾਣ ਨਹੀਂ। ਇਸ ਤਰ੍ਹਾਂ ਦੋਹਾਂ ਧਿਰਾਂ ਦੀ ਇੱਛਾ ਅਨੁਸਾਰ ਕਈ ਗੱਲਾਂ ਦਾ ਮੂੰਹ ਸਾਹਮਣੇ ਫੈਸਲਾ ਕਰਨ ਲਈ ਖਾਲਸੇ ਵਲੋਂ ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ ਵਿਚੋਲਾ ਥਾਪ ਕੇ ਨਵਾਬ ਅਦੀਨਾ ਬੇਗ ਹਾਕਮ ਜਲੰਧਰ ਕੋਲ ਜ਼ਰੂਰੀ ਸ਼ਰਤਾਂ ਤੈ ਕਰਨ ਲਈ ਜਲੰਧਰ ਭੇਜਿਆ ਗਿਆ।"

ਇਸਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਜੀ ਪੁਸਤਕ "ਰਾਜ ਖਾਲਸਾ" ਵਿਚ ਇਸ ਪ੍ਰਕਾਰ ਕਰਦੇ ਹਨ—"ਇਕ ਵਾਰੀ ਸ਼ਾਹ ਨਿਵਾਜ਼ ਖਾਂ ਤੇ ਸਿੱਖਾਂ ਦੇ ਮਾਮਲੇ ਵਿਚ ਇਹ (ਜੱਸਾ ਸਿੰਘ ਰਾਮਗੜ੍ਹੀਆ) ਵਕੀਲ ਹੋ ਕੇ ਅਦੀਨਾ ਬੇਗ ਕੋਲ ਗਿਆ।"

ਜਿਉਂ ਹੀ ਕਿਲ੍ਹਾ ਰਾਮ ਰੌਣੀ ਦੀ ਉਸਾਰੀ ਬਾਰੇ ਮੁਗ਼ਲ ਹਕੂਮਤ ਨੂੰ ਖਬਰ ਮਿਲੀ ਤਾਂ ਉਹ ਕਿਲ੍ਹੇ ਨੂੰ ਖਤਮ ਕਰਨ ਦੀਆਂ ਤਰਕੀਬਾਂ ਸੋਚਣ ਲੱਗੀ। ਉਸ ਸਮੇਂ ਜਲੰਧਰ ਦਾ ਹਾਕਮ ਅਦੀਨਾ ਬੇਗ ਸੀ ਜੋ ਕਿ ਪਿੰਡ ਖਾਨਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਨਾਲ ਸੰਬੰਧਤ ਸੀ। ਹਾਕਮ ਅਦੀਨਾ ਬੇਗ ਬਹੁਤ ਚਲਾਕ ਤੇ ਚੁਸਤ ਸੀ। ਇਕ ਪਾਸੇ ਉਹ ਸਿੱਖਾਂ ਨਾਲ ਵੀ ਬਣਾਈ ਰਖਦਾ, ਦੂਜੇ ਪਾਸੇ ਲਾਹੌਰ ਦੇ ਸੂਬੇਦਾਰ ਦੇ ਹਰ ਕਾਰਜ ਵਿਚ ਹਾਂ ਨਾਲ ਹਾਂ ਮਿਲਾਉਂਦਾ। ੧੭੪੮ ਈਸਵੀ ਵਿਚ ਮੀਰ ਮੰਨੂੰ ਨੇ ਅਹਿਮਦ ਸ਼ਾਹ ਅਬਦਾਲੀ ਦੀ ਈਨ ਮੰਨ ਲਈ। ਅਹਿਮਦ ਸ਼ਾਹ ਅਬਦਾਲੀ ਨੇ ਮੀਰ ਮਨੂੰ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਤੇ ਕੌੜਾ ਮੱਲ ਨੂੰ ਦੀਵਾਨ ਬਣਾਇਆ ਗਿਆ।

ਮੀਰ ਮੰਨੂੰ ਨੇ ਸਿੱਖਾਂ ਦੀ ਤਾਕਤ ਨੂੰ ਖਤਮ ਕਰਨ ਲਈ ਅਦੀਨਾ ਬੇਗ ਨੂੰ ਸੁਨੇਹਾ ਭੇਜਿਆ ਕਿ ਉਹ ਕਿਲ੍ਹਾ ਰਾਮ ਰੌਣੀ ਨੂੰ ਖਤਮ ਕਰ ਦੇਵੇ। ਹੁਕਮ ਪ੍ਰਾਪਤ ਕਰਕੇ ਅਦੀਨਾ ਬੇਗ ਨੇ ਹਮਲਾ ਕਰ ਦਿੱਤਾ। ਉਸ ਸਮੇਂ ਕਿਲ੍ਹਾ ਰਾਮ ਰੌਣੀ ਵਿਚ ਸਿਰਫ ੫੦੦ ਸਿੰਘ ਮੌਜੂਦ ਸਨ। ਅਦੀਨਾ ਬੇਗ ਨੇ ਕਈ ਦਿਨ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ। ਉਸ ਸਮੇਂ ਜੱਸਾ ਸਿੰਘ ਰਾਮਗੜ੍ਹੀਆ ਵੀ ਆਪਣੇ ਸਿੰਘ ਸਾਥੀਆਂ ਨਾਲ ਅਦੀਨਾ ਬੇਗ ਨਾਲ ਸ਼ਾਮਲ ਸੀ। ਸਿੱਖਾਂ ਦੀ ਨਾਜ਼ਕ ਹਾਲਤ ਵੇਖ ਕੇ ਜੱਸਾ ਸਿੰਘ ਦੀ ਗੁਰਸਿੱਖੀ, ਲਗਨ ਨੇ ਜੋਸ਼ ਖਾਧਾ ਅਤੇ ਉਹ ਅਦੀਨਾ ਬੇਗ ਨੂੰ ਛੱਡ ਕੇ ਕਿਲ੍ਹੇ ਅੰਦਰ ਸਿੰਘਾਂ ਕੋਲ ਚਲਿਆ ਗਿਆ, ਜਿਸ ਕਾਰਨ ਸਿੰਘਾਂ ਦੀ ਜਿੱਤ ਹੋਈ। ਬਾਬਾ ਪ੍ਰੇਮ ਸਿੰਘ ਹੋਤੀ ਪੁਸਤਕ "ਖਾਲਸਾ ਰਾਜ ਦੇ ਉਸਰਈਏ" ਭਾਗ ਦੂਜਾ ਵਿਚ ਲਿਖਦੇ ਹਨ—

"ਸੰਨ ੧੭੪੮ ਦੇ ਅਕਤੂਬਰ ਵਿਚ ਖਾਲਸੇ ਵਲੋਂ ਸ. ਜੱਸਾ ਸਿੰਘ ਰਾਮਗੜ੍ਹੀਏ ਨੂੰ ਹੁਕਮਨਾਮਾ ਪੁੱਜਾ, ਕਿ ਆਪ ਦੁਆਬੇ ਦੇ ਨਵਾਬ ਨਾਲ ਅੱਗੇ ਤੋਂ ਮੇਲ ਨਾ ਰੱਖੇ। ਖਾਲਸੇ ਦੀ ਇੱਛਾ ਅਨੁਸਾਰ ਆਪ ਨੇ ਉਸ ਦਿਨ ਹੀ ਨਵਾਬ ਅਦੀਨਾ


Namdhari Elibrary NamdhariElibrary@gmail.com

ਬੇਗ ਨਾਲੋਂ ਆਪਣਾ ਸੰਬੰਧ ਤੋੜ ਲਿਆ ਅਤੇ ਸਣੇ ਆਪਣੇ ਜਵਾਨਾਂ ਦੇ ਅੰਮ੍ਰਿਤਸਰ ਪਹੁੰਚ ਕੇ ਆਪਣੇ ਵੀਰਾਂ ਨਾਲ ਮਿਲ ਗਏ। ਇਥੇ ਖਾਲਸੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਵੈਰੀਆਂ ਦੇ ਟਾਕਰੇ ਲਈ ਰਣ ਵਿਚ ਉਤਰ ਪਏ।"

ਇਸ ਪ੍ਰਥਾਇ ਪ੍ਰਸਿੱਧ ਇਤਿਹਾਸ ਲਿਖਾਰੀ, ਹਰੀ ਰਾਮ ਗੁਪਤਾ ਜੀ ਦੇ ਵਿਚਾਰ ਪੁਸਤਕ "ਹਿਸਟਰੀ ਆਫ ਦੀ ਸਿਖਸ" ਵਿਚ ਪੜ੍ਹਨ ਯੋਗ ਹਨ—

"ਸ. ਜੱਸਾ ਸਿੰਘ ਰਾਮਗੜ੍ਹੀਏ ਦੀ ਦੂਰਦਰਸ਼ਤਾ, ਬਹਾਦਰੀ ਤੇ ਕਠਿਨ ਘਾਲਣਾ ਦਾ ਸਦਕਾ "ਰਾਮ ਰੌਣੀ" ਅਜਿੱਤ ਰਹੀ। ਉਧਰ ਅਹਿਮਦ ਸ਼ਾਹ ਅਬਦਾਲੀ ਦੇ ਤੀਸਰੇ ਹਮਲੇ ਦੀ ਅਵਾਈ ਹੋ ਗਈ। ਮੀਰ ਮੰਨੂੰ ਨੇ ਦੀਵਾਨ ਕੌੜਾ ਮੱਲ ਰਾਹੀ ਖਾਲਸਾ ਦਲ ਦੇ ਸ਼੍ਰੋਮਣੀ ਲੀਡਰ ਤੇ ਰਾਮ ਰੌਣੀ ਦੇ ਯੋਧੇ ਸਰਦਾਰ ਜੱਸਾ ਸਿੰਘ ਨਾਲ ਸੁਲਾਹ ਦੀ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਤੇ ਫਰਵਰੀ ੧੭੪੯ ਈਸਵੀ ਵਿਚ ਰਾਮ ਰੌਣੀ ਦਾ ਘੇਰਾ ਉਠਾ ਲਿਆ ਗਿਆ।"

ਸ. ਰਤਨ ਸਿੰਘ ਭੰਗੂ ਨੇ ਪੁਸਤਕ "ਪ੍ਰਾਚੀਨ ਪੰਥ ਪ੍ਰਕਾਸ਼" ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੀ ਸ਼ਖਸੀਅਤ ਨੂੰ ਇਸ ਪ੍ਰਕਾਰ ਉਲੀਕਿਆ ਹੈ—

ਚਾਰੇ ਭਾਈ ਅਤਿ ਵਡ ਸੂਰੇ।
ਜਿਨਸੋ ਲਰ ਕੋਊ ਉਤਰਿਓ ਨਾ ਪੂਰੇ।
ਉਨਕੀ ਪਿੱਠ ਦੇਖੀ ਕਿਨ ਨਾਹਿ।
ਮਲਯੋ ਕਾਂਗੜੋ ਇਕ ਦਿਨ ਮਾਂਹਿ।
ਸਤਿ ਧਾਰਨ ਤੇ ਭਏ ਪਾਤਸ਼ਾਹ।
ਲਾਕਰ ਕਸੂਰ ਥੌਂ ਮੁਲਕ ਉਨ ਪਾਹਿ।
ਅੰਮ੍ਰਿਤਸਰ ਹੈ ਹਿੰਸਿ ਬੁਹਾਰਮ।
ਹਾਂਸੀ ਹਿਸਾਰ ਮਲ ਕਰੀ ਗੁਜਾਰਮ।
ਜੱਸਾ ਆਹਲੂ ਇਨ ਫੜਯੋ।
ਨਹਿ ਪਿਠ ਦੀਨੀ ਜਹਿ ਵਹਿ ਲੜਯੋ।

ਮਿਸਟਰ ਜੇ.ਡੀ. ਕਨਿੰਘਮ ਪੁਸਤਕ "ਹਿਸਟਰੀ ਆਫ ਦੀ ਸਿਖਸ" ਵਿਚ ਲਿਖਦਾ ਹੈ—

"ਮਾਝੇ ਵਿਚ ਪਹਿਲੋਂ ਤਾਕਤ ਫੜਨ ਵਾਲੇ ਰਾਮਗੜ੍ਹੀਏ ਸਨ।" ਸਰ ਲੈਪਲ ਗ੍ਰਿਫਨ ਲਿਖਦਾ ਹੈ, "ਸਿੱਖ ਮਿਸਲਾਂ ਵਿਚੋਂ ਰਾਮਗੜ੍ਹੀਆ ਮਿਸਲ ਸਭ ਤੋਂ ਤਾਕਤਵਾਲੀ ਸੀ।" ਛੇਤੀ ਹੀ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਸਰਦਾਰਾਂ ਵਿਚੋਂ ਸਿਰ ਕੱਢ ਸਰਦਾਰ ਬਣ ਗਿਆ। ਉਸ ਨੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਆਪਣੀ ਮਿਸਲ ਦੇ ਅਧੀਨ ਟਾਂਡਾ ਉੜਮੁੜ, ਦਸੂਹਾ, ਤਲਵਾੜਾ, ਮਿਆਣੀ, ਕਾਦੀਆਂ, ਬਟਾਲਾ ਅਤੇ ਗੁਰਦਾਸਪੁਰ ਦੇ ਹੋਰ ਇਲਾਕਿਆਂ ਤੇ ਕਬਜ਼ਾ ਕਰ ਲਿਆ। ਸ. ਜੱਸਾ ਸਿੰਘ ਦੇ ਹੌਸਲੇ ਇਤਨੇ ਬੁਲੰਦ ਹੋ ਗਏ ਸਨ ਕਿ ੧੮੧੮ ਬਿਕਰਮੀ (੧੭੬੧ ਈਸਵੀ) ਨੂੰ ਲਾਹੌਰ ਦੀਆਂ ਬਸਤੀਆਂ ਤੇ ਕਬਜ਼ਾ ਕਰ ਲਿਆ। ਗਿਆਨੀ ਗਿਆਨ ਸਿੰਘ ਜੀ ਪੁਸਤਕ "ਸ਼ਮਸ਼ੇਰ ਖਾਲਸਾ" ਵਿਚ ਲਿਖਦੇ ਹਨ—"ਦੁਆਬੇ ਦੇਸ਼ ਨੂੰ ਹੱਥ ਹੇਠ ਕਰਕੇ ਜੱਸਾ ਸਿੰਘ ਰਾਮਗੜ੍ਹੀਆ ਲਾਹੌਰ ਦੇ ਗਿਰਦ ਜਾ ਹੋਇਆ। ਬੜੇ ਬੜੇ ਜੰਗ ਯੁਧਾਂ ਨਾਲ ਸ਼ਹਿਰ ਤੋਂ ਬਾਹਰ ਦੀਆਂ ਬਸਤੀਆਂ ਉੱਤੇ ਕਬਜ਼ਾ ਕਰਕੇ ਲਾਹੌਰੀ ਲੋਗਾਂ ਨਾਲ ਮਿਲਕੇ ਤੀਜੇ ਨਵਰਾਤਰੇ ਅੱਸੂ ਸੰਮਤ ੧੮੧੮ ਬਿਕ੍ਰਮੀ ਨੂੰ ਲਾਹੌਰ ਵਿਚ ਜਾ ਵੜਿਆ।"

੧੮੧੮ ਬਿਕ੍ਰਮੀ ਵਿਚ ਕਸੂਰ ਦੇ ਖਤਰੀਆਂ ਬ੍ਰਾਹਮਣਾਂ ਨੇ ਆਕੇ ਬੇਨਤੀ ਕੀਤੀ ਕਿ ਕਸੂਰ ਦਾ ਹਾਕਮ ਉਹਨਾਂ ਦੀਆਂ ਬੇਟੀਆਂ ਦੀ ਬੇਪੱਤੀ ਕਰਦਾ ਹੈ, ਉਸ ਤੋਂ ਛੁਟਕਾਰਾ ਪਵਾਇਆ ਜਾਵੇ। ਪੰਥ ਖਾਲਸਾ ਨੇ ਵਿਚਾਰ ਕਰਕੇ ਗੁਰਮਤਾ ਸੋਧਿਆ ਤੇ ਸ. ਜੱਸਾ ਸਿੰਘ ਰਾਮਗੜ੍ਹੀਏ ਦੀ ਕਮਾਨ ਹੇਠ ਹੋਰ ਪੰਜ ਸਰਦਾਰਾਂ ਨੂੰ ਸ਼ਾਮਲ ਕਰਕੇ ਕਸੂਰ ਤੇ ਹਮਲਾ ਕੀਤਾ ਗਿਆ ਅਤੇ ਬਹੂ ਬੇਟੀਆਂ ਦੀ ਬੰਦ ਖਲਾਸੀ ਕਰਵਾਈ ਗਈ। ਉਥੋਂ ਰਾਮਗੜ੍ਹੀਆ ਸਰਦਾਰ ਨੂੰ ਅਪਾਰ ਧਨ ਮਿਲਿਆ। ਗਿਆਨੀ ਗਿਆਨ ਸਿੰਘ ਜੀ ਪੁਸਤਕ "ਸ਼ਮਸ਼ੇਰ ਖਾਲਸਾ" ਵਿਚ ਲਿਖਦੇ ਹਨ—

"ਕਸੂਰ ਦੀ ਲੁੱਟ ਵਿਚ ਸਭ ਤੋਂ ਵਧੀਕ ਮਾਯਾ ਸ. ਜੱਸਾ ਸਿੰਘ ਰਾਮਗੜ੍ਹੀਏ ਦੇ ਹੱਥ ਆਈ। ਨੂਰ ਜਹਾਂ ਦੇ ਸਮੇਂ ਦਾ ਕਰੋੜਾਂ ਰੁਪਿਆ, ਹੀਰੇ, ਮੋਤੀ, ਜਵਾਹਰ, ਸੋਨਾ, ਚਾਂਦੀ ਇਥੇ ਹੀ ਸੀ। ਸ. ਜੱਸਾ ਸਿੰਘ ਦੇ ਭਾਈ ਸ. ਮਾਲੀ ਸਿੰਘ ਦਾ ਹੱਥ ਇਸ ਖਜ਼ਾਨੇ ਤੇ ਪੈ ਗਿਆ। ਹੀਰੇ ਨਾਲ ਮਣੀਆਂ ਦੇ ਢੇਰ ਵਿਚੋਂ ਇਕ ਚੰਦਰਮਣੀ ਹਾਰ ਭੀ ਅੰਧੇਰੇ ਵਿਚ ਪ੍ਰਕਾਸ਼ਨੇ ਵਾਲਾ ੫੦ ਲੱਖ ਰੁਪਏ ਦੀ ਕੀਮਤ ਦਾ ਰਾਮਗੜ੍ਹੀਆ ਦੇ ਹੱਥ ਆਯਾ।"

੧੭੬੨ ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਛੇਵਾਂ ਹਮਲਾ ਕੀਤਾ ਸੀ। ਉਸ ਵਾਰ ਅਬਦਾਲੀ ਸਿੱਖਾਂ ਨੂੰ ਖਤਮ ਕਰਨ ਲਈ ਪੰਜਾਬ ਵਲ ਆਇਆ। ਉਸ ਹਮਲੇ ਨੂੰ ਇਤਿਹਾਸ ਵਿਚ "ਵੱਡਾ ਘਲੂਘਾਰਾ" ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਉਸ ਸਮੇਂ ਜੱਸਾ ਸਿੰਘ ਰਾਮਗੜ੍ਹੀਆ ਨੇ ਵੀ ਅਹਿਮ ਰੋਲ ਅਦਾ ਕੀਤਾ ਅਤੇ ੧੭੬੨ ਈਸ਼ਵੀ ਦੇ ਦੀਵਾਲੀ ਦੇ ਪੁਰਬ ਸਮੇਂ ਅਬਦਾਲੀ ਨੂੰ ਐਸੀ ਹਾਰ ਦਿੱਤੀ ਕਿ



Namdhari Elibrary NamdhariElibrary@gmail.com

ਪੰਜਾਬ ਵਿਚ ਉਸਦੇ ਪੈਰ ਹੀ ਨਾ ਜੰਮ ਸਕੇ। ਉਸਦੇ ਸੱਤਵੇਂ ਹਮਲੇ ਸਮੇਂ ਕਾਜ਼ੀ ਨੂਰ ਮੁਹੰਮਦ, ਅਬਦਾਲੀ ਨਾਲ ਪੰਜਾਬ ਆਇਆ। ਉਸਨੇ ਸਿੱਖਾਂ ਨੂੰ ਲੜਦੇ ਦੇਖਿਆ ਤਾਂ ਅਸ਼-ਅਸ਼ ਕਰ ਉੱਠਿਆ। ਉਹ ਆਪਣੀ ਲਿਖਤ "ਜੰਗਨਾਮਾ" ਵਿਚ ਲਿਖਦਾ ਹੈ—

"ਦੂਸਰੇ ਪਾਸੇ ਤੋਂ ਸਿੱਖ ਅਗਾਹਾਂ ਮੈਦਾਨ ਵਿਚ ਆ ਰਹੇ ਸਨ। ਸੁਹਣੀ ਤਰਤੀਬ ਨਾਲ ਜੱਸਾ ਸਿੰਘ ਕਲਾਲ ਦੇ ਨਾਲ ਜੋ ਪਹਾੜ ਵਾਂਗ ਦਰਮਿਆਨ ਵਿਚ ਸੀ ਉਸਦੇ ਨਾਲ ਦੂਸਰਾ ਜੱਸਾ ਸਿੰਘ ਠੋਕਾ ਸੀ, ਜਿਹੜਾ ਕਰੋਧ ਤੇ ਗੁੱਸੇ ਦਾ ਭਰਿਆ ਸ਼ੇਰ ਸੀ।"

ਜੱਸਾ ਸਿੰਘ ਰਾਮਗੜ੍ਹੀਆ ਦੇ ਸਮੇਂ ਦੀ ਸ਼ਾਨ ਦੂਣੀ ਚੌਣੀ ਵਧੀ। ਚਾਹੇ ਰਾਮਗੜ੍ਹੀਆ ਸਰਦਾਰ ਦੇ ਦਿਲ ਵਿਚ ਕਦੇ ਮੈਲ ਨਾ ਆਈ, ਪਰ ਫਿਰ ਵੀ ਦੂਜੇ ਸਰਦਾਰ ਉਸ ਨਾਲ ਖਾਰ ਖਾਂਦੇ ਰਹੇ। ਇਕ ਵਾਰ ਕਿਹਾ ਜਾਂਦਾ ਹੈ ਕਿ ਆਹਲੂਵਾਲੀਏ ਸਰਦਾਰ ਨੂੰ ਆਪ ਜੀ ਨੇ ਕੈਦ ਕਰ ਲਿਆ ਤਾਂ ਫਿਰ ਉਸਨੂੰ ਆਦਰ ਸਿਰੋਪਾ ਦੇਕੇ ਵਿਦਿਆ ਕੀਤਾ। ਐਸ.ਐਸ. ਅਮੋਲ ਪੁਸਤਕ "ਜੱਸਾ ਸਿੰਘ ਆਹਲੂਵਾਲੀਆ" ਵਿਚ ਲਿਖਦੇ ਹਨ—"ਇਕ ਵਾਰੀ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਫੜ ਲਿਆ। ਪਰ ਬਾਕੀ ਸਿੱਖ ਸਰਦਾਰਾਂ ਨੇ ਆਖ ਵੇਖ ਕੇ ਛੁਡਾ ਦਿੱਤਾ ਤੇ ਰਾਮਗੜ੍ਹੀਏ ਸਰਦਾਰ ਨੇ ਖੁਲ੍ਹ ਦਿੱਲੀ ਦਾ ਸਬੂਤ ਦੇਂਦਿਆਂ ਉਸਨੂੰ ਸਿਰੋਪਾ ਦੇਕੇ ਵਿਦਿਆ ਕੀਤਾ।"

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਦੋ ਵਾਰ ਦਿੱਲੀ ਸ਼ਹਿਰ ਨੂੰ ਲੁੱਟਿਆ ਅਤੇ ਭਰਤਪੁਰ, ਧੌਲਪੁਰ, ਆਗਰਾ ਦੇ ਰਾਜਿਆਂ ਤੋਂ ਨਜ਼ਰਾਨੇ ਲਏ। ਦਿੱਲੀ ਦੇ ਲਾਲ ਕਿਲ੍ਹੇ ਤੋਂ ਇਕ ਕੀਮਤੀ ਸਿੱਲ ਲਿਆਂਦੀ ਜਿਸ ਤੇ ਮੁਗਲ ਬਾਦਸ਼ਾਹਾਂ ਦੀ ਤਾਜਪੋਸ਼ੀ ਹੁੰਦੀ ਸੀ। ੧੮੦੩ ਈਸਵੀ ਵਿਚ ੮੦ ਸਾਲ ਦੀ ਉਮਰ ਭੋਗ ਕੇ ਜੱਸਾ ਸਿੰਘ ਰਾਮਗੜ੍ਹੀਆ ਨੇ ਸ੍ਰੀ ਹਰਿਗੋਬਿੰਦਪੁਰ ਵਿਖੇ ਅਕਾਲ ਚਲਾਣਾ ਕੀਤਾ। ਸ. ਪ੍ਰਿਥੀਪਾਲ ਸਿੰਘ ਕਪੂਰ ਪੁਸਤਕ 'ਜੱਸਾ ਸਿੰਘ ਰਾਮਗੜ੍ਹੀਆ' ਵਿਚ ਲਿਖਦੇ ਹਨ—

"ਉਚ ਕੋਟੀ ਦੇ ਬੀਰ ਪੰਜਾਬੀ ਸਿਤਾਰਿਆਂ ਵਿਚੋਂ ਸ. ਜੱਸਾ ਸਿੰਘ ਰਾਮਗੜ੍ਹੀਆ ਵੀ ਇਕ ਸੀ। ਉਹ ਸਭ ਤੋਂ ਪਹਿਲਾ ਸਿੱਖ ਸਰਦਾਰ ਸੀ ਜਿਸਨੇ ਪੰਜਾਬ ਦੀਆਂ ਪਹਾੜੀ ਰਿਆਸਤਾਂ ਨੂੰ ਆਪਣੀ ਸ਼ਕਤੀ ਅਤੇ ਯੋਗਤਾ ਦੇ ਸਦਕੇ ਆਪਣੇ ਅਧੀਨ ਕੀਤਾ। ਇਹ ਕੇਵਲ ਸਰਦਾਰ ਜੱਸਾ ਸਿੰਘ ਦੀ ਪਹਾੜੀ ਖੇਤਰ ਵਿਚ ਸਫਲਤਾ ਦਾ ਸਦਕਾ ਹੀ ਸੀ ਕਿ ਬਾਕੀ ਸਿੱਖ ਸਰਦਾਰਾਂ ਨੇ ਵੀ ਪਹਾੜੀ ਇਲਾਕਿਆਂ ਦੀ ਜਿੱਤ ਵੱਲ ਧਿਆਨ ਦਿੱਤਾ।"

## ਬਾਜ਼ ਫਿਰ ਚਿੜੀਆਂ ਦੇ ਝਪਟੇ

—*ਸ਼ਿਵ ਨਾਥ*

ਬਾਜ਼ ਫਿਰ ਚਿੜੀਆਂ ਤੇ ਝਪਟੇ  
ਵੇਖੀਏ, ਉਹ ਕਿਸ ਤਰ੍ਹਾਂ ਹਨ ਲੜਦੀਆਂ  
ਵੇਖੀਏ, ਕਿਸ ਪੱਖ ਵਿਚ ਹੋ ਕੇ  
ਖਲੋਂਦਾ ਹੈ ਨਿਆਂ ?  
ਦੇਖੀਏ, ਦੁਨੀਆਂ ਦੇ ਆਲਮ  
ਕਿਸ ਤਰ੍ਹਾਂ ਹਨ ਬੋਲਦੇ  
ਵੇਖੀਏ, ਈਸਾ-ਮਸੀਹ ਦੀ  
ਕੌਣ ਸੁਣਦਾ ਹੈ ਆਵਾਜ਼ ?

ਗੱਲ ਰਾਹਬਰ ਦੀ ਸਹੀ ਸੀ,  
ਜ਼ੋਰ ਜਿਸ ਦੇ ਹੱਥ ਹੁੰਦੇ  
ਕਰ ਲਵੇ ਮਨ-ਮਾਨੀਆਂ  
ਨੀਚ-ਉੱਤਮ ਦਾ ਨਹੀਂ ਕੋਈ ਸਵਾਲ  
ਕੋਈ ਵਿਰਲਾ ਹੀ ਖਲੋਂਦਾ ਹੈ  
ਕਿਸੇ ਮਾੜੇ ਦੇ ਨਾਲ।

ਮਰ ਗਈ ਲਗਦੀ ਹੈ  
ਜ਼ਾਲਮ ਦੀ ਜ਼ਮੀਰ  
ਜ਼ੁਲਮ ਦੀ ਹੋਵੇਗੀ ਸ਼ਾਇਦ  
ਫੇਰ ਇਕ ਵਾਰੀ ਅਖ਼ੀਰ  
ਕੀ ਹਸ਼ਰ ਹੋਇਆ ਸੀ  
ਹਿਟਲਰ ਦਾ ਨਹੀਂ ਉਸਨੂੰ ਖਿਆਲ  
ਲੈਸ ਹੋ ਕੇ ਤੁਰ ਪਿਆ ਹੈ  
ਜੋ ਅਗਨ-ਬਾਣਾਂ ਦੇ ਨਾਲ।

ਨਾਮ-ਲੇਵਾ ਵੀ ਨਹੀਂ ਉਸ ਦੈਂਤ ਦਾ  
ਜਿਸ ਕਰੋੜਾਂ ਪੰਛੀਆਂ ਦੇ  
ਆਲ੍ਹਣੇ ਕੀਤੇ ਤਬਾਹ  
ਜਿਸ ਅਨੇਕਾਂ ਬੇ-ਗੁਨਾਹਾਂ ਦਾ  
ਲਹੂ ਸੀ ਡੋਲਿਆ  
ਜਿਸਨੇ ਸਾੜੇ ਸਨ ਦਰੱਖ਼ਤਾਂ ਦੇ  
ਕਦੇ ਪੱਤੇ ਹਰੇ  
ਜਿਸਨੇ ਕਰਨਾ ਲੋਚਿਆ ਸੀ  
ਸਾਰੀ ਦੁਨੀਆਂ ਨੂੰ ਅਧੀਨ।

1257-C-LIG  
ਫੇਜ਼-੧੦ ਮੁਹਾਲੀ  
੧੬੦੦੬੧



Namdhari Elibrary NamdhariElibrary@gmail.com

# "ਧੰਨੈ ਸੇਵਿਆ ਬਾਲ ਬੁਧਿ"

—ਡਾ. ਕੁਲਵੰਤ ਕੌਰ

ਸੰਸਾਰ ਦੇ ਮਹਾਨ ਧਰਮ ਗ੍ਰੰਥਾਂ ਵਿਚੋਂ ਸਭ ਤੋਂ ਤਾਜ਼ਾ-ਤਰੀਨ ਗ੍ਰੰਥ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਗੁਰੂ ਸਾਹਿਬਾਨ ਤੋਂ ਕਈ ਸਦੀਆਂ ਪਹਿਲਾਂ ਹੋ ਚੁੱਕੇ ਵਿਖਿਆਤ ਮਹਾਂਪੁਰਖਾਂ ਦੀ ਦੈਵੀ-ਬਾਣੀ ਵੀ ਸ਼ਾਮਲ ਹੈ। ਇਝ, ਛੱਤੀ ਤੱਤਵੇਤੇ ਮਹਾਤਮਾਵਾਂ ਦੇ ਅਨੁਭਵੀ ਅਤੇ ਅਨਮੋਲ ਬਚਨਾਂ ਨੂੰ ਸਮੁੱਚੀ ਮਨੁੱਖਤਾ ਦੇ ਕਲਿਆਣ ਅਤੇ ਰਹਿਨੁਮਾਈ ਲਈ ਯੁਗ-ਯੁਗਾਂਤਰਾਂ ਲਈ ਸਾਂਭਣ ਦਾ ਇਤਿਹਾਸਕ ਕਾਰਜ ਸਤਿਗੁਰ ਨਾਨਕ ਦੇਵ ਨੇ ਹੀ ਆਰੰਭ ਦਿੱਤਾ ਸੀ ; ਕਿਉਂਕਿ ਛੱਤੀ ਕਰੋੜ ਦੇਵਤਿਆਂ ਵਿਚ ਵਿਸ਼ਵਾਸ ਰੱਖਣ ਵਾਲੇ ਹਿੰਦ ਵਾਸੀਆਂ ਨੂੰ ਸੱਚ ਤੇ ਸੁੱਚ ਦੀ ਸੋਝੀ ਕਰਵਾਉਣ ਲਈ ਓਅੰਕਾਰ ਸੰਬੰਧੀ ਅਸਲ ਗਿਆਨ ਦੇਣ ਦੀ ਸ਼ਿੱਦਤ ਭਰੀ ਲੋੜ ਸੀ। ਜ਼ਾਤ, ਵਰਣ, ਰੰਗ, ਭੇਦ, ਦੇਸ਼, ਕਾਲ ਅਤੇ ਹੋਰ ਕਿਸੇ ਵੀ ਪ੍ਰਕਾਰ ਦੇ ਵਿਤਕਰੇ ਤੋਂ ਮੁਕਤ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਚੋਣ ਪਹਿਲੀ ਪਾਤਿਸ਼ਾਹੀ ਦਾ ਇਕ ਮਹਾਂ ਅਨੂਠਾ, ਅਦੁੱਤੀ, ਨਾਯਾਬ ਅਤੇ ਅਲੌਕਿਕ ਕਰਮ ਸੀ, ਜਿਸ 'ਤੇ ਪੰਜਵੇਂ ਨਾਨਕ ਤੱਕ ਸਾਰਿਆਂ ਨੇ ਡੱਟਕੇ ਪਹਿਰਾ ਦੇਂਦਿਆਂ ਕਿਸੇ ਪ੍ਰਕਾਰ ਦੀ ਵੀ ਰਲਾਵਟ, ਮਿਲਾਵਟ ਅਤੇ ਬਨਾਵਟ ਤੋਂ ਪ੍ਰਹੇਜ਼ ਕੀਤਾ। ਫਲਸਰੂਪ, ੧੬੦੪ ਈਸਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਹਾਕਿਆਂ ਦੀ ਸੂਝ ਭਰੀ ਅਗਵਾਈ, ਮਿਹਨਤ ਅਤੇ ਦੂਰ-ਅੰਦੇਸ਼ੀ ਸਦਕੇ ਉਨ੍ਹਾਂ ਤੋਂ ਪੰਜ ਸੌ ਵਰ੍ਹੇ ਪਹਿਲਾਂ ਹੋ ਗੁਜ਼ਰੇ ਪ੍ਰਭੂ-ਪਿਆਰਿਆਂ (ਸਭ ਤੋਂ ਪਹਿਲੇ ਭਗਤ ਜੈ ਦੇਵ ਪੱਛਮੀ ਬੰਗਾਲ ਤੋਂ ਸਨ) ਤੱਕ ਦੀ ਬਾਣੀ ਸਾਂਭੀ ਜਾ ਸਕੀ। ਪੂਰੇ ਵਿਸ਼ਵ ਦੇ ਧਰਮਾਂ ਦੇ ਇਤਿਹਾਸ ਵਿਚ ਅਜਿਹਾ ਧਰਮ ਨਿਰਪੇਖ, ਬ੍ਰਹਿਮੰਡਕ ਵਿਚਾਰਧਾਰਾ ਦਾ ਲਖਾਇਕ, ਸਰਬ ਸਾਂਝਾ ਅਤੇ ਸੰਸਾਰ ਭਾਈਚਾਰੇ ਦਾ ਸੁਨੇਹਾ ਦੇਂਦਾ ਧਰਮ ਗ੍ਰੰਥ ਅੱਜ ਤੱਕ ਦ੍ਰਿਸ਼ਟੀਗੋਚਰ ਨਹੀ ਹੁੰਦਾ ਜਿਸ ਵਿਚ ਹਿੰਦੂ, ਮੁਸਲਮਾਨ, ਵੈਸ਼ ਤੇ ਸ਼ੂਦਰ ਆਖੇ ਜਾਂਦੇ ਰੱਬੀ-ਪਿਆਰਿਆਂ ਦੀ ਬਾਣੀ ਨਾਲ ਨਾਲ ਅੰਕਿਤ ਕੀਤੀ ਗਈ ਹੋਵੇ। ਸਮਕਾਲੀ ਪਰੰਪਰਾ ਵਿਚ ਜਿਨ੍ਹਾਂ ਲੋਕਾਂ ਨੂੰ ਜੀਣ-ਥੀਣ ਦੇ ਹੱਕਾਂ ਤੋਂ ਵੰਚਿਤ ਕੀਤਾ ਜਾ ਚੁੱਕਾ ਸੀ ਉਨ੍ਹਾਂ ਦੀ ਦੈਵੀ ਬਾਣੀ ਮਾਨਵਤਾ ਦੇ ਉਦਾਰ ਲਈ ਸੁਰੱਖਿਅਤ ਕੀਤੀ।

ਅਜਿਹੇ ਹੀ ਲਾਸਾਨੀ ਧਰਮ ਗ੍ਰੰਥ ਵਿਚ ਸ਼ਾਮਲ ਹੈ ਭਗਤ ਧੰਨਾ ਜੀ ਦੀ ਬਾਣੀ। ਉਨ੍ਹਾਂ ਦੇ ਰਚੇ ਭਾਵੇਂ ਤਿੰਨ ਹੀ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਨ, ਪ੍ਰੰਤੂ ਇਥੇ ਮਹੱਤਾ ਗਿਣਤੀ ਦੀ ਨਹੀਂ ਸਗੋਂ ਮਹੱਤਵ ਓਸ ਉੱਚੀ ਸੁੱਚੀ ਵਿਚਾਰਧਾਰਾ ਦਾ ਹੈ, ਜਿਸ ਨੂੰ ਧਿਆਨ ਗੋਚਰ ਰੱਖਦਿਆਂ ਇਸ ਬੇਮਿਸਾਲ ਗ੍ਰੰਥ ਦੀ ਸਿਰਜਣਾ ਕੀਤੀ ਗਈ ਹੈ। ਇਸ ਵਿਚ ਅਜਿਹੇ ਤੱਤਵੇਤੇ ਮਹਾਂਪੁਰਖ ਵੀ ਚੁਣੇ ਗਏ ਹਨ ਜਿਨ੍ਹਾਂ ਦਾ ਇਕ ਇਕ ਸ਼ਬਦ ਜਾਂ ਸ਼ਲੋਕ ਸ਼ਾਮਲ ਕੀਤਾ ਗਿਆ ਹੈ। ਨਿਸ਼ਚੇ ਹੀ ਗੁਰੂ ਸਾਹਿਬਾਨ ਦਾ ਮਨੋਰਥ ਬਹੁਤ ਵਿਸ਼ਾਲ ਅਤੇ ਉਚੇਰਾ ਸੀ ਜਿਸ ਬਾਰੇ ਸਾਧਾਰਨ ਬੰਦਾ ਜਾਂ ਮੁਤੱਸਬੀ ਵਿਅਕਤੀ ਕਿਆਸ ਵੀ ਨਹੀਂ ਕਰ ਸਕਦਾ।

ਬਸੰਤ ਰਾਗ ਵਿਚ ਪੰਚਮ ਗੁਰੂ ਨੇ ਗੁਰੂ ਗ੍ਰੰਥ ਵਿਚ ਸੰਮਲਿਤ ਭਗਤ ਸਾਹਿਬਾਨ ਦੀ ਭਗਤੀ ਵਿਧੀ ਅਤੇ ਦੈਵੀ ਗਿਆਨ-ਪ੍ਰਾਪਤੀ ਦੇ ਸਾਧਨਾਂ ਦਾ ਭਰਪੂਰ ਜ਼ਿਕਰ ਕੀਤਾ ਹੈ। ਜਿਸ ਦੀ ਸ਼ੁਰੂਆਤ ਹੀ ਭਗਤ ਧੰਨਾ ਜੀ ਦੇ ਨਾਲ ਕੀਤੀ ਗਈ ਹੈ। ਅਰਥਾਤ ਬਾਕੀ ਸਾਰੇ ਸਾਧਕ ਜਿਥੇ ਵਿਭਿੰਨ ਸਾਧਨਾਗਤ ਵਸੀਲਿਆਂ ਰਾਹੀਂ ਗੁਰਮਤਿ ਗਾਡੀ ਰਾਹ ਦੇ ਪਾਂਧੀ ਬਣੇ ਉੱਥੇ ਭਗਤ ਧੰਨੇ ਦੀ ਪ੍ਰਭੂ-ਪ੍ਰਾਪਤੀ ਬਾਲਾਂ (ਬੱਚਿਆਂ) ਵਰਗੀ ਮਾਸੂਮੀਅਤ, ਸਾਦਗੀ, ਸਰਲਤਾ, ਪਵਿੱਤਰਤਾ, ਨਿਰਮਲਤਾ ਅਤੇ ਬੇਬਾਕੀ ਕਾਰਨ ਸੰਭਵ ਹੋਈ। ਪ੍ਰਭੂ ਦੀ ਦਇਆਲਤਾ, ਕ੍ਰਿਪਾਲਤਾ, ਮਿਹਰ ਤੇ ਬਖਸ਼ਿਸ਼ ਲੋੜਦੇ ਇਹ ਪਿਆਰੇ ਗੁਰੂ-ਨਿਸ਼ਠਾ ਅਤੇ ਹੁਕਮ ਦੇ ਪਾਬੰਦ ਸਨ। ਗੁਰੂ ਸਾਹਿਬ ਦੇ ਇਸ ਸ਼ਬਦ ਤੋਂ ਭਗਤ ਧੰਨੇ ਦੀ ਨਿਰਮਲ ਹਸਤੀ ਤੇ ਆਤਮ-ਨਿਸ਼ਠ ਭਗਤੀ ਦਾ ਸੰਕੇਤ ਹੈ। ਗੁਰਮਤਿ ਵਿਚ ਸਿਆਣਪਾਂ, ਚਤੁਰਾਈਆਂ, ਹਉਮੈ ਤੇ ਸਵਾਰਥ ਦੀ ਥਾਂ ਹੀ ਕੋਈ ਨਹੀਂ ਜਿਸ ਦਾ ਸੰਕੇਤ 'ਚਤੁਰਾਈ ਨ ਚਤੁਰਭੁਜੁ ਪਾਈਐ' ਦੇ ਗੁਰਵਾਕ ਤੋਂ ਮਿਲ ਜਾਂਦਾ ਹੈ। ਉਵੇਂ ਸਮਕਾਲੀ ਮੁੱਲਾਂ-ਮੌਲਾਣੇ ਤੇ ਪੰਡਿਤ-ਪਰੋਹਿਤ ਭੋਲੀ ਭਾਲੀ, ਸਿੱਧ ਪੱਧਰੀ ਤੇ ਗਰੀਬ ਲੋਕਾਈ ਨੂੰ ਅਨੇਕ ਭੇਖਾਂ, ਪਾਖੰਡਾਂ ਤੇ ਕਰਮ ਕਾਂਡਾਂ ਵਿਚ ਉਲਝਾਕੇ ਉਨ੍ਹਾਂ ਦਾ ਅੰਗਾ ਮਾਰ ਰਹੇ ਸਨ ਪ੍ਰੰਤੂ ਭਗਤ ਧੰਨੇ ਜਿਹੀ ਸਿਧ ਪੱਧਰੀ ਸੋਚ, ਖਾਲਸ ਚਰਿੱਤਰ, ਮੁਕੱਦਸ ਵਿਚਾਰਧਾਰਾ ਅਤੇ ਨਿਰਛਲ ਕਮਾਈ ਵਾਲੇ ਮਹਾਤਮਾ ਅਤੀਤ, ਵਰਤਮਾਨ ਅਤੇ ਭਵਿੱਖ ਦਾ ਚਾਨਣ ਮੁਨਾਰਾ ਹੋਇਆ ਕਰਦੇ ਹਨ।

ਭਗਤ ਧੰਨਾ ਗੁਰੂ ਨਾਨਕ ਪਰੰਪਰਾ ਅਤੇ ਵਿਚਾਰਧਾਰਾ ਦੇ ਇਕ ਪ੍ਰੌੜ੍ਹ ਹਸਤਾਖਰ ਅਤੇ ਮਹਾਂ ਤੇਜਸਵੀ ਦਰਵੇਸ਼ ਸਨ। ਉਨ੍ਹਾਂ ਸੰਬੰਧੀ ਪ੍ਰਚਲਿਤ ਕਈ ਮਨਮਤੀ ਵਿਚਾਰ, ਮਨਘੜਤ



Namdhari Elibrary NamdhariElibrary@gmail.com

ਕਹਾਣੀਆਂ ਅਤੇ ਕਿਆਸ-ਅਰਾਈਆਂ ਉਨ੍ਹਾਂ ਦੀ ਬਾਣੀ ਦੀ ਰੋਸ਼ਨੀ ਵਿਚ ਆਪ-ਮੁਹਾਰੇ ਖੰਡਿਤ ਹੋ ਜਾਂਦੀਆਂ ਹਨ। ਸੁਝ ਦੀ ਬਾਲ ਉਮਰੇ, ਜਦੋਂ ਤ੍ਰਿਕਾਲ ਸੰਧਿਆ ਸਮੇਂ, ਬਾਕੀ ਬਾਣੀਕਾਰਾਂ ਦੀ ਆਰਤੀ ਨਾਲ ਭਗਤ ਧੰਨੇ ਦਾ 'ਆਰਤਾ' ਸਰਵਣ ਕਰਨ ਦਾ ਅਵਸਰ ਮਿਲਦਾ ਅੰਤਸ਼ਕਰਨ ਵਿਚੋਂ ਹਮੇਸ਼ਾ ਇਕ ਸਵਾਲ ਉਭਰਦਾ। ਬਾਕੀ ਮਹਾਂਪੁਰਖ ਜਿਥੇ ਪਰੰਪਰਿਕ ਆਰਤੀ ਦੀ ਬਜਾਇ ਸਮੁੱਚੇ ਬ੍ਰਹਿਮੰਡ ਨੂੰ ਹੀ ਆਰਤੀਲੀਨ ਦਰਸਾਉਂਦੇ ਹੋਏ 'ਭਵਖੰਡਨ' ਦੀ ਸਦੀਵਕਾਲੀ ਆਰਤੀ ਦੀ ਸੋਝੀ ਕਰਵਾਉਂਦੇ ਹਨ, ਉਥੇ ਭਗਤ ਧੰਨਾ ਧਨਾਸਰੀ ਰਾਗ ਦੇ ਇਸ ਸ਼ਬਦ (ਆਰਤਾ) ਰਾਹੀਂ ਪ੍ਰਭੂ-ਪਿਆਸੀ ਬਿਹਬਲ ਜ਼ਿੰਦੜੀ ਦੀਆਂ ਰੋਜ਼-ਮੱਰਾ ਦੀਆਂ ਲੋੜਾਂ-ਥੋੜਾਂ ਦਾ ਨਿਸੰਗ ਜ਼ਿਕਰ ਕਰਕੇ ਆਪਣੀ ਨਿਰਛਲਤਾ, ਨਿਰਮਲਤਾ, ਪਵਿੱਤਰਤਾ ਅਤੇ ਸਾਫ਼ਗੋਈ ਦਾ ਖ਼ੁਲਾਸਾ ਕਰਦੇ ਹਨ। ਸਾਰੇ ਬਾਣੀ-ਸਿਰਜਕਾਂ ਨੇ ਪ੍ਰਭੂ-ਪ੍ਰਾਪਤੀ ਲਈ ਵੱਡੀਆਂ ਵੱਡੀਆਂ ਰਹਿਤਾਂ ਅਤੇ ਲੋੜਾਂ 'ਤੇ ਬੱਲ ਦਿੱਤਾ ਹੈ। ਪ੍ਰੰਤੂ ਧੰਨਾ ਭਗਤ ਇਕ ਸੁਕਰਮੀ ਵਿਅਕਤੀ ਦੀਆਂ ਫੌਰੀ ਸਰੀਰਕ ਤੇ ਭੌਤਿਕ ਲੋੜਾਂ ਦੀ ਗੱਲ ਕਰਕੇ ਕਿੰਨੀ ਸਹਿਜਤਾ ਅਤੇ ਸਰਲਤਾ ਨਾਲ ਆਪਣੀ ਭੋਲੀ-ਭਾਲੀ ਹਸਤੀ ਦਾ ਪ੍ਰਗਟਾਵਾ ਕਰਦੇ ਪ੍ਰਤੀਤ ਹੁੰਦੇ ਹਨ—

ਗੋਪਾਲ ਤੇਰਾ ਆਰਤਾ
ਜੋ ਜਨੁ ਤੁਮਰੀ ਭਗਤਿ ਕਰੰਤੇ
ਤਿਨ ਕੇ ਕਾਜ ਸਵਾਰਤਾ। ਰਹਾਉ।
ਦਾਲਿ ਸੀਧਾ ਮਾਗਉ ਘੀਉ
ਹਮਰਾ ਖੁਸੀ ਕਰੈ ਨਿਤ ਜੀਉ।
ਪਨੀਆ ਛਾਦਨੁ ਨੀਕਾ।
ਅਨਾਜ ਮਗਉ ਸਤ ਸੀ ਕਾ।

ਰੱਬੀ ਵਿਸ਼ਵਾਸ ਅਤੇ ਦੈਵੀ ਪ੍ਰੀਤ ਦੀ ਇਹ ਅਕਹਿ ਦਾਸਤਾਂ ਹੈ ਕਿਉਂਕਿ ਜੇਕਰ ਸਾਧਕ ਨੇ ਰੋਜ਼ੀ-ਰੋਟੀ ਦੇ ਝਮੇਲਿਆਂ ਤੋਂ ਹੀ ਸੁਰਖਰੂ ਨਹੀਂ ਹੋ ਸਕਣਾ ਤਾਂ ਉਹ ਨਿਰਵਿਘਨ, ਬੇਲਾਗ ਅਤੇ ਅਟੰਕ ਭਗਤੀ ਕਿਵੇਂ ਕਰ ਸਕਦੈ। ਪੇਟ ਦੀ ਅੱਗ ਹੀ ਸਾਡੇ ਬਹੁਤੇ ਮਸਲਿਆਂ ਦੀ ਜੜ੍ਹ ਹੈ ਜਿਸਦਾ ਜ਼ਿਕਰ ਭਗਤ ਕਬੀਰ ਨੇ ਕਿੰਨੇ ਮਾਰਮਿਕ ਢੰਗ ਨਾਲ ਕੀਤਾ ਹੈ—

ਭੂਖੇ ਭਗਤਿ ਨ ਕੀਜੈ।
ਯਹ ਮਾਲਾ ਅਪਨੀ ਲੀਜੈ।

..................................

ਮਾਧੋ ਕੈਸੀ ਬਨੈ ਤੁਮ ਸੰਗੇ।
ਆਪਿ ਨ ਦੇਹੁ ਤ ਲੇਵਉ ਮੰਗੇ।

ਵਿਚਾਰ ਗੋਚਰੀ ਗੱਲ ਇਹ ਹੈ ਕਿ ਗ਼ਰੀਬੀ ਦਾ ਭੰਭਿਆ ਤੇ ਮਹਿਜ ਦਾਲ ਰੋਟੀ ਦੇ ਸਾਧਨ ਜੁਟਾਉਂਦੇ ਆਮ ਬੰਦੇ ਦੀ ਸਾਰੀ ਉਮਰ ਮੁਥਾਜੀ, ਜ਼ਲਾਲਤ ਅਤੇ ਅਧੀਨਗੀ ਵਿਚ ਹੀ ਕੱਟ ਜਾਂਦੀ ਹੈ। ਇੱਜ਼ਤ ਮਾਣ, ਅਣਖ, ਬਰਾਬਰੀ ਅਤੇ ਬੇਫ਼ਿਕਰੀ ਦੇ ਦਿਨ ਲੋਚਦਿਆਂ ਦੈਵੀ-ਇਸ਼ਕ ਦਾ ਸੁਪਨਾ ਕਿਤੇ ਅਧਵਾਟੇ ਹੀ ਟੁੱਟ ਜਾਂਦੈ। ਵੱਡੇ ਵੱਡੇ ਦਾਰਸ਼ਨਿਕ ਤੇ ਵਿਚਾਰਵਾਨ ਉੱਚੀਆਂ ਫ਼ਿਲਾਸਫ਼ੀਆਂ ਤਾਂ ਦਿੰਦੇ ਹਨ ਪ੍ਰੰਤੂ ਭਗਤ ਧੰਨਾ ਵਾਂਗ ਆਮ ਮਨੁੱਖ ਦੇ ਪੱਧਰ 'ਤੇ ਖੜ੍ਹ ਕੇ ਆਪਣੇ ਮਹਿਬੂਬ ਨਾਲ ਇਕਮਿਕ ਹੋਣ ਦੀ ਲੋਚਾ ਉਨ੍ਹਾਂ ਵਿਚੋਂ ਗ਼ਾਇਬ ਦਿਸਦੀ ਹੈ। ਭਗਤ ਕਬੀਰ ਨੇ ਜਿਥੇ ਕੇਵਲ ਦੋ ਵਕਤ ਦੀ ਰੋਟੀ ਦੀ ਕਾਮਨਾ ਕੀਤੀ ਉੱਥੇ ਭਗਤ ਧੰਨਾ ਭੋਲੇ ਭਾਅ ਲਵੇਰੇ (ਦੁੱਧ ਦੇਣ ਵਾਲੇ) ਪਸ਼ੂ, ਸਵਾਰੀ ਲਈ ਘੋੜੀ ਅਤੇ ਇਕ ਸੁਸ਼ੀਲ ਸੁਪਤਨੀ ਦੀ ਇੱਛਾ ਵੀ ਜ਼ਾਹਿਰ ਕਰਦੇ ਹਨ। ਸਿੱਖ ਧਰਮ ਮੱਧਕਾਲ ਦਾ ਅਜਿਹਾ ਪਹਿਲਾ ਧਰਮ ਹੈ ਜਿਸ ਵਿਚ ਘਰ-ਬਾਰ ਤਿਆਗ ਕੇ ਜੰਗਲਾਂ, ਪਹਾੜਾਂ ਤੇ ਗੁਫਾਵਾਂ ਵਿਚ ਜਾਣ ਦੀ ਬਜਾਇ ਗ੍ਰਿਹਸਥ ਧਰਮ ਦੀ ਸਰਵੋਤਮਤਾ, ਸ੍ਰੇਸ਼ਟਤਾ ਅਤੇ ਪ੍ਰਮੁੱਖਤਾ ਸਵੀਕਾਰੀ ਗਈ ਹੈ ; ਕਿਉਂਕਿ ਗ੍ਰਿਹਸਥ ਗੱਡੀ ਦੀ ਸੁਚਾਰੂ ਚਾਲ ਲਈ ਪਤੀ ਪਤਨੀ ਦਾ ਫਰਜ਼ ਪ੍ਰੀਤ-ਤੰਦਾਂ ਵਿਚ ਬੱਝ ਕੇ ਇਕ ਖ਼ੂਬਸੂਰਤ, ਸੰਤੁਲਿਤ ਅਤੇ ਸਲੀਕੇਪੂਰਨ ਸਮਾਜ ਸਿਰਜਣਾ ਹੈ। ਸੰਤਨ-ਧੂੜੀ ਅਤੇ ਪ੍ਰਮਾਤਮ-ਕ੍ਰਿਪਾ ਦੇ ਪਲ ਪਲ ਮੁਰੀਦ ਭਗਤ ਕਬੀਰ ਨੇ ਜਿਥੇ ਬਾਬਾ ਫ਼ਰੀਦ ਵਾਂਗ ਰੁੱਖੀ ਸੁੱਖੀ ਦੀ ਹੀ ਜਾਚਨਾ ਕੀਤੀ ਹੈ ਪ੍ਰੰਤੂ ਭਗਤ ਧੰਨਾ ਜੀ ਘੋੜੀ, ਜੋੜੀ ਤੇ ਦੁੱਧ ਬੁੱਧ ਸਭ ਕੁਝ ਮੰਗ ਕੇ ਆਪਣੇ ਭੋਲੇਪਨ ਅਤੇ ਬੇਬਾਕੀ ਦਾ ਪ੍ਰਗਟਾਵਾ ਕਰਦੇ ਹਨ। ਭੁੱਖਾ ਪੇਟ ਭਗਤੀ ਨਾਲ ਜੁੜ ਹੀ ਨਹੀਂ ਸਕਦਾ ਅਤੇ ਵਧੇਰੇ ਰਸ-ਕਸ ਵੀ ਰੋਗਾਂ ਨੂੰ ਜਨਮ ਦਿੰਦੇ ਹਨ।

ਕੁਕਰਮਾਂ, ਅਧਰਮਾਂ ਅਤੇ ਬਹੁ ਧਰਮਾਂ ਦੇ ਬੋਲਬਾਲੇ ਸਮੇਂ ਗੁਰੂ ਨਾਨਕ ਦੇਵ ਦੀ ਆਮਦ ਕੂੜ-ਅਮਾਵਸ ਵਿਚ ਸੱਚ ਦੇ ਪ੍ਰਕਾਸ਼ ਸਮਾਨ ਸੀ। ਜਿਸ ਮਰਹਲੇ 'ਤੇ ਆਪ ਦੀ ਦੂਰ ਦ੍ਰਿਸ਼ਟੀ ਪਈ, ਕਣ-ਕਣ ਜੀਵੰਤ ਹੋ ਉੱਠਿਆ। ਅਜਿਹਾ ਉਨ੍ਹਾਂ ਦੀ ਅਨੂਠੀ ਹਸਤੀ ਤੇ ਅਦਭੁਤ ਵਿਅਕਤਿਤਵ ਕਾਰਨ ਹੀ ਸੰਭਵ ਹੋਇਆ ਕਿ ਉਨ੍ਹਾਂ ਦੇ ਪੂਰਵਵਰਤੀ ਅਤੇ ਸਮਕਾਲੀ ਤੱਤਵੇਤੇ ਮਹਾਂਪੁਰਖਾਂ ਦੀ ਅਮਰ, ਅਨਾਦੀ, ਅੰਮ੍ਰਿਤਮਈ ਅਤੇ ਧੁਰ ਕੀ ਬਾਣੀ ਯੁੱਗ-ਯੁਗਾਂਤਰਾਂ ਤੱਕ ਸਮੁੱਚੀ ਮਨੁੱਖ ਜਾਤੀ ਦਾ ਸਰਮਾਇਆ ਬਣਾ ਕੇ ਸੰਭਾਲੀ ਗਈ। ਹੋਰ ਅਨੇਕ ਮਹਾਂਪੁਰਖਾਂ ਦੀ ਯੁਗੀਨ ਸੰਦੇਸ਼ ਭਰਪੂਰ ਬਾਣੀ ਵਾਂਗ ਭਗਤ ਧੰਨਾ ਜੀ ਦੀ ਬਾਣੀ ਨੂੰ ਵੀ ਸਾਂਭਿਆ ਗਿਆ ਜੋ ਕਿ ਗੁਰੂ ਨਾਨਕ ਸਾਹਿਬ ਤੋਂ ਵੀ ਲਗਪਗ ਅੱਧੀ ਸਦੀ ਪੂਰਵ ਰਾਜਸਥਾਨ ਪ੍ਰਾਂਤ ਦੇ ਟਾਂਕ ਇਲਾਕੇ ਦੇ ਧੂਆਂ ਕਲਾ ਜਾਂ ਧੂਆਨ ਪਿੰਡ


Namdhari Elibrary NamdhariElibrary@gmail.com

ਵਿਚ ਇਕ ਜੱਟ ਪਰਿਵਾਰ ਵਿਚ ਪੈਦਾ ਹੋਏ ਸਨ। ਮਹਾਨ ਕੋਸ਼, ਗਿਆਨੀ ਗੁਰਦਿੱਤ ਸਿੰਘ, ਮੈਕਾਲਿਫ, ਗਿਆਨੀ ਪ੍ਰਤਾਪ ਸਿੰਘ ਅਤੇ ਕਈ ਹੋਰ ਜੀਵਨੀਕਾਰਾਂ ਨੇ ਇਨ੍ਹਾਂ ਦੇ ਪਿਛੋਕੜ, ਵੰਸ਼, ਪਰਿਵਾਰ, ਗੁਰੂ ਅਤੇ ਮੂਰਤੀ-ਪੂਜਕ ਹੋਣ ਬਾਰੇ ਸੰਕੇਤ ਕੀਤੇ ਹਨ ਜਿਹੜੇ ਕਿ ਅਜਿਹੇ ਪਰਮ ਪੁਰਖ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਨਹੀਂ ਕਰਦੇ। ਗੁਰੂ ਪਾਤਸ਼ਾਹੀਆਂ ਨੇ ਤਾਂ ਭਗਤ ਧੰਨਾ ਦੀ ਬਾਣੀ ਨੂੰ ਇਸ ਪਾਵਨ ਗ੍ਰੰਥ ਵਿਚ ਦਰਜ ਕਰਕੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਸੀ ; ਪ੍ਰੰਤੂ ਉਨ੍ਹਾਂ ਦੇ ਪੈਰੋਕਾਰਾਂ ਦੀ ਬੇਸਮਝੀ, ਬੇਰੁਖ਼ੀ ਅਤੇ ਅਗਿਆਨਤਾ ਕਾਰਨ ਉਨ੍ਹਾਂ ਦੇ ਜਨਮ-ਸਥਲ 'ਤੇ ਕੋਈ ਯਾਦਗਾਰ, ਗੁਰਦਵਾਰਾ ਜਾਂ ਕੋਈ ਹੋਰ ਜ਼ਿਆਰਤਯੋਗ ਥਾਂ ਨਹੀਂ ਹੈ ਜਿਥੇ ਕੋਈ ਯਾਤਰੂ ਰੁਕ ਸਕੇ ਜਾ ਆਪਣੀ ਸ਼ਰਧਾ ਮੁਤਾਬਿਕ ਕੁਝ ਕਰ ਸਕੇ। ਦੇਸ-ਪ੍ਰਦੇਸ਼ ਵਿਚ ਜੱਟ ਵੰਸ਼ ਨਾਲ ਸੰਬੰਧਿਤ ਖਾਂਦੇ ਪੀਂਦੇ, ਸਮਰਿਧ, ਖੁਸ਼ਹਾਲ ਅਤੇ ਧਨੀ ਲੋਕਾਂ ਦੀ ਬਹੁਤਾਤ ਹੈ, ਪ੍ਰੰਤੂ ਆਪਣੇ ਆਦਰਯੋਗ ਰਾਹਬਰਾਂ ਦੇ ਦਰਸਾਏ ਮਾਰਗ 'ਤੇ ਤੁਰਨ ਦੀ ਲੋਚਾ ਕਰਨੀ ਅਤੇ ਭਗਤ ਧੰਨਾ ਦੀ ਜਨਮ ਭੂਮੀ 'ਤੇ ਜੁੜ ਬੈਠਣ ਲਈ ਕੋਈ ਗੁਰੂ ਘਰ ਬਣਾਉਣ ਦਾ ਹੀਲਾ ਵਸੀਲਾ ਕਰਨਾ ਸ਼ਾਇਦ ਉਨ੍ਹਾਂ ਦੇ ਤਸਵੱਰ ਵਿਚ ਨਹੀਂ ਆਇਆ। ਗਿਆਨੀ ਗੁਰਦਿੱਤ ਸਿੰਘ ਨੇ ਟਾਂਕ ਇਲਾਕੇ ਦੇ ਦੌਰੇ ਉਪਰੰਤ ਇਹ ਗੱਲਾਂ ਭਰੇ ਮਨ ਨਾਲ ਕੀਤੀਆਂ।

ਭਗਤ ਧੰਨਾ ਨਾਲ ਉਂਝ ਵੀ ਕਈ ਬੇਮਾਅਨੀਆਂ ਗੱਲਾਂ ਜੋੜੀਆਂ ਜਾਂਦੀਆਂ ਹਨ ਤੇ ਉਨ੍ਹਾਂ ਦੀ ਮੂਰਤੀ-ਪੂਜਕ ਛਵੀ ਵੀ ਉਂਝ ਦੀ ਉਂਝ ਬਰਕਰਾਰ ਹੈ। ਭਾਵੇਂ ਉਨ੍ਹਾਂ ਦੀ ਹਰ ਤੁਕ ਪ੍ਰਭੂ-ਪ੍ਰਾਪਤੀ ਲਈ ਪ੍ਰੇਮ-ਭਗਤੀ ਦਾ ਸੁਨੇਹਾ ਦ੍ਰਿੜਾਉਂਦੀ ਹੈ। ਪੱਥਰ ਵਿਚੋਂ ਰੱਬ ਪਾਉਣ ਦੀਆਂ ਦੰਦ ਕਥਾਵਾਂ ਸਾਡੀ ਬੇਸਮਝੀ ਦੀਆਂ ਸੂਚਕ ਹਨ। ਜਦੋਂ ਕਿ ਉਨ੍ਹਾਂ ਨੇ ਆਪਣੀ ਅਕੀਦਤ, ਨਿਸ਼ਠਾ ਅਤੇ ਪ੍ਰੀਤ ਨਾਲ ਭਗਵੰਤ ਦੀ ਭਗਤੀ ਕੀਤੀ ਸੀ। ਉਨ੍ਹਾਂ ਦੇ ਸ਼ਬਦਾਂ ਵਿਚ ਗੁਰਮਤਿ ਫ਼ਲਸਫ਼ੇ ਦੇ ਆਧਾਰ ਭੂਤ ਤੱਤ ਉਸੇ ਤਰ੍ਹਾਂ ਵਿਦਮਾਨ ਹਨ ਜਿਸ ਤਰ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਵਿਚ। ਜ਼ਰੂਰਤ ਹੈ ਕਿ ਅਸੀਂ ਅੱਖਾਂ ਤੇ ਕੰਨ ਖੋਲ੍ਹ ਕੇ ਇਸ ਕਲਿਆਣਕਾਰੀ ਬਾਣੀ ਦਾ ਅਧਿਐਨ ਤੇ ਮਨਨ ਕਰੀਏ ਤੇ ਇਸ ਤੋਂ ਸੇਧ ਲਈਏ।

ਭਗਤ ਧੰਨਾ ਦੀ ਸੁਹਾਵਣੀ ਯਾਦ ਨਾਲ ਸੰਬੰਧਿਤ ਭਗਤ ਧੰਨਾ ਸੋਸਾਇਟੀ ਦੇ ਕਰਤਾ ਧਰਤਾ ਪਿੰਡ ਕੁੰਭ ਵਿਖੇ ਹਰ ਵਰ੍ਹੇ ਕੁਝ ਚੰਗੇ ਜਤਨ ਕਰ ਰਹੇ ਹਨ। ਸ਼ਾਇਦ ਸਾਨੂੰ ਸਭ ਨੂੰ ਗ਼ਫ਼ਲਤ ਦੀ ਨੀਂਦ ਤੋਂ ਜਗਾਉਣ ਲਈ ਕੁੰਭ ਵਾਸੀਆਂ ਦੇ ਇਹ ਸ਼ਲਾਘਾਯੋਗ ਜਤਨ ਸਾਡੇ ਅਮਲੀ ਜੀਵਨ ਲਈ ਪ੍ਰੇਰਨਾਦਾਇਕ ਬਣ ਸਕਣ।

## ਪੰਡਿਤ ਕ੍ਰਿਸ਼ਨ ਲਾਲ ਪਰਵਾਨਾ

ਜਲੰਧਰ ਦੇ ਸਾਹਿਤਕ ਹਲਕਿਆਂ ਦੀ ਇਕ ਪ੍ਰਸਿੱਧ ਹਸਤੀ ਪੰਡਿਤ ਕ੍ਰਿਸ਼ਨ ਲਾਲ ਪਰਵਾਨਾ ਵੀ ਇਸ ਸੰਸਾਰ ਦੀ ਯਾਤਰਾ ਸੰਪੂਰਣ ਕਰ ਗਏ ਹਨ। ਵਰਿਆਮ ਦੇ ਪਾਠਕ ਜਾਣਦੇ ਹਨ ਕਿ ਵਰਿਆਮ ਦੇ ਅੰਕਾਂ ਵਿੱਚ ਪਰਵਾਨਾ ਜੀ ਦੀ ਰਚਨਾ ਅਕਸਰ ਛਪਦੀ ਰਹੀ ਹੈ ਚਾਹੇ, ਲੇਖ, ਕਹਾਣੀ, ਕਵਿਤਾ ਹੋਵੇ ਜਾਂ ਵਿਚਾਰ ਚਿੱਠੀ ਦੇ ਰੂਪ ਵਿੱਚ। ਸੰਪਾਦਕ ਵਰਿਆਮ ਨਾਲ ਉਹਨਾਂ ਦੇ ਸੰਬੰਧ ਸਵੇਰ ਦੀ ਸੈਰ ਦਾ ਵੀ ਸੀ ਅਤੇ ਸਾਹਿਤਕ ਸਮਾਗਮਾਂ ਤੋਂ ਇੱਕਠੇ ਆਉਣ ਦਾ ਵੀ। ਆਪ ਸਾਹਿਤਕ ਸਮਾਗਮਾਂ ਵਿੱਚ ਆਪਣੀ ਗਲ ਠੋਕ ਕੇ ਕਹਿੰਦੇ ਸਨ ਭਾਵੇਂ ਸਾਰਿਆਂ ਨਾਲੋਂ ਵੱਖਰੀ ਹੋਵੇ।

ਜਲੰਧਰ ਵਿੱਚ ਲੇਟੈਸਟ ਪ੍ਰੈਸ ਦੇ ਨਾਂਅ ਤੇ ਆਪਣੇ ਪ੍ਰਕਾਸ਼ਨ ਦਾ ਅਦਾਰਾ ਬਹੁਤ ਸਫਲਤਾ ਨਾਲ ਚਲਾਇਆ। ਸਲੀਕੇਦਾਰ ਗਲਬਾਤ ਦੇ ਮਾਹਰ ਅਤੇ ਮਿਲਣਸਾਰ ਪਰਵਾਨਾ ਜੀ ਜਲੰਧਰ ਦੀ ਇਕ ਰਾਂਗਲੀ ਸ਼ਖਸੀਅਤ ਸਨ। ਉਹਨਾਂ ਦਾ ਵੱਡਾ ਸਪੁੱਤਰ ਰਾਕੇਸ਼ ਸ਼ਾਂਤੀ ਦੂਤ ਦੈਨਿਕ ਹਿੰਦੀ ਪੱਤਰ ਐਨਕਾਊਂਟਰ ਸਫਲਤਾ ਨਾਲ ਚਲਾ ਰਿਹਾ ਹੈ ਅਤੇ ਛੋਟਾ ਸਪੁਤਰ ਅਮਿਤ ਸ਼ਰਮਾ ਏਜੰਸੀ ਚਲਾ ਰਿਹਾ ਹੈ। ਪੰਡਿਤ ਕ੍ਰਿਸ਼ਨ ਲਾਲ ਪਰਵਾਨਾ ਅੰਤ ਤਕ ਸਰਗਰਮ ਰਹੇ। ਉਹਨਾਂ ਦੇ ਨਿਧਨ ਨਾਲ ਵਰਿਆਮ ਇਕ ਸੁਹਿਰਦ ਮਿਤਰ ਤੋਂ ਵਾਂਝਾ ਹੋ ਗਿਆ ਹੈ। ਇਹ ਭਾਣਾ ਹੈ। ਸਾਡੀ ਸ਼ਰਧਾਂਜਲੀ ਹੈ। *—ਜਗਦੀਸ਼ ਸਿੰਘ*

## ਫਕੀਰ ਚੰਦ ਤੁਲੀ ਨੂੰ ਸਦਮਾ

ਸਾਡੇ ਮਿਤਰ ਅਤੇ ਜਾਣੇ ਪਛਾਣੇ ਸ਼ਾਇਰ ਸ੍ਰੀ ਫਕੀਰ ਚੰਦ ਤੁਲੀ ਨੂੰ ਜੀਵਨ ਦੀ ਕਾਮਯਾਬੀ ਦੇ ਸਿਖਰ ਤੇ ਅਸਹਿ ਸਦਮਾ ਪਹੁੰਚਾ ਹੈ। ਉਹਨਾਂ ਦਾ ਸਭ ਤੋਂ ਵੱਡਾ ਅਤੇ ਹੋਣਹਾਰ ਸਪੁਤਰ ਰਾਜੀਵ ਤੁਲੀ ਇਕ ਸੜਕ ਦੁਰਘਟਨਾ (ਕਾਰ ਟਰੱਕ ਟੱਕਰ) ਵਿੱਚ ਸਦੀਵੀ ਵਿਛੋੜਾ ਦੇ ਗਿਆ ਹੈ। ਰਾਜੀਵ ਇਕ ਬਹੁਤ ਸਫਲ ਕਾਰੋਬਾਰੀ ਸਜਨ ਆਗਿਆਕਾਰ ਪੁੱਤਰ ਸੀ। ਤੁਲੀ ਸਾਹਿਬ ਨੇ ਬਿਜਲੀ ਮਿਹਕਮੇ ਦੀ ਨੌਕਰੀ ਤੋਂ ਸਵੈ ਇਛਤ ਰਿਟਾਇਰਮੈਂਟ ਲੈ ਲਈ ਸੀ। ਐਸ਼ਵਰਜ ਭੋਗਣ ਦੀ ਆਸ਼ਾ ਘੋਰ ਨਿਰਾਸ਼ਾ ਵਿੱਚ ਬਦਲ ਗਈ। ਵਿਵਾਹਤ ਰਾਜੀਵ ਦੇ ਬਹੁਤ ਛੋਟੇ ਛੋਟੇ ਬੱਚੇ ਹਨ। ਅਸੀਂ ਅਰਦਾਸ ਕਰਦੇ ਹਾਂ ਕਿ ਸਤਿਗੁਰੂ ਬਲ ਬਖਸ਼ਣ ਤੇ ਤੁਲੀ ਸਾਹਿਬ ਅਤੇ ਉਹਨਾਂ ਦਾ ਸਾਰਾ ਪਰਿਵਾਰ ਇਸ ਸ਼ੋਕ ਸਾਗਰ ਅਤੇ ਕਲੇਸ਼ ਨੂੰ ਪਾਰ ਕਰ ਸਕਣ ਤੇ ਸਮਰਥ ਹੋਣ।

*—ਜਗਦੀਸ਼ ਸਿੰਘ*



Namdhari Elibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

# MODERN GUN WORKS

**OPP. INDUSTRIAL ESTATE,**
**JAMMU CANTT.**



Namdhari Elibrary NamdhariElibrary@gmail.com

# ਕਹਿ ਗੋਧਾ ਸਿੰਘ 'ਜੱਟ'

*—ਸੁਵਰਨ ਸਿੰਘ ਵਿਰਕ*

ਖੁਦਪੁਰ ਰਾਵੀ ਦੇ ਕੰਢੇ ਤੇ ਸੰਧੂ ਜੱਟਾਂ ਦੀ ਮਾਲਕੀ ਵਾਲਾ ਜ਼ਿਲ੍ਹਾ ਲਾਹੌਰ ਦਾ ਇਕ ਉੱਘਾ ਪਿੰਡ ਸੀ। ਇਹ ਪਿੰਡ ਲਾਹੌਰ ਤੇ ਕਸੂਰ ਦੇ ਐਨ ਵਿਚਾਲੇ ਹੈ। ਕਿਹਾ ਜਾਂਦਾ ਹੈ ਕਿ ਇਸ ਪਿੰਡ ਦੀ ਢਾਬ ਤੇ ਖਲੋਕੇ ਹੀ ਭਗਵਾਨ ਰਾਮ ਚੰਦਰ ਜੀ ਦੇ ਪੁੱਤਰਾਂ ਵੱਖ-ਵੱਖ ਦਿਸ਼ਾਵਾਂ ਵੱਲ ਮੂੰਹ ਕਰਕੇ ਤੀਰ ਚਲਾਏ ਸਨ। ਲਊ ਦੇ ਤੀਰ ਡਿਗਣ ਵਾਲੀ ਥਾਂ ਤੇ ਲਾਹੌਰ ਅਤੇ ਕੁਸ਼ੂ ਵਾਲੀ ਥਾਂ ਤੇ ਕਸੂਰ ਵਸਾਏ ਗਏ। ਪਿੰਡ ਦੀ ਭੂਗੋਲਿਕ ਸਥਿਤੀ ਨੂੰ ਸਪੱਸ਼ਟ ਕਰਨ ਲਈ ਇਸ ਪ੍ਰਸੰਗ ਦੀ ਵਰਤੋਂ ਢੁਕਵੀਂ ਹੈ। ਇਹ ਪਿੰਡ ਲਾਹੌਰ ਤੋਂ ਬਾਰਾਂ ਕੁ ਮੀਲ ਦੱਖਣ ਵੱਲ ਵਾਕਿਆ ਸੀ। ਇਸ ਪਿੰਡ ਦਾ ਜਵੰਦ ਸਿੰਘ ਸੰਧੂ ਸਿੱਖ ਰਾਜ ਸਮੇਂ ਨੌਨਿਹਾਲ ਸਿੰਘ ਰਜਮੈਂਟ ਵਿਚ ਕੁੰਮੇਦਾਨ ਸੀ। ਇਸੇ ਰਜਮੈਂਟ ਵਿਚ ਹੀ ਬਾਦ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸੈਨਿਕ ਜੀਵਨ ਦੇ ਆਪਣੇ ਵਰ੍ਹੇ ਬਤੀਤ ਕੀਤੇ। ਕੁਮੇਦਾਨ ਸੰਧੂ ਬੜਾ ਬਲੀ ਸੀ। ਜਦੋਂ ਉਹ ਆਪਣੇ ਪਿੰਡ ਛੁਟੀ ਕੱਟਣ ਜਾਂਦਾ ਤਾਂ ਛੇ ਘੋੜ ਸਵਾਰ ਅਤੇ ਇਕ ਹਥਨੀ ਉਸਨੂੰ ਆਪਣੀ ਸਵਾਰੀ ਲਈ ਮਿਲਦੀ ਸੀ। ਅੰਗਰੇਜ਼ਾਂ ਵਿਰੁੱਧ ਲੜਾਈਆਂ ਵਿਚ ਇਸ ਸੂਰਮੇ ਨੇ ਵੀ ਆਪਣੇ ਦਿਲ ਦੇ ਗੁਫਾਰ ਕੱਢੇ। ਪਰ "ਲਾਲੂ ਦੀ ਲਾਲੀ" ਅਤੇ "ਤੇਜੂ ਦਾ ਤੇਜ" ਗੁਆਚਣ ਕਾਰਨ ਸਿੱਖ ਫੌਜਾਂ ਜਿੱਤ ਕੇ ਵੀ ਅੰਤ ਨੂੰ ਹਾਰ ਗਈਆਂ। ਲਾਹੌਰ ਦੇ ਕਿਲੇ ਤੋਂ ਖਾਲਸਈ ਨਿਸ਼ਾਨ ਉਤਾਰ ਕੇ ਯੂਨੀਅਨ ਜੈਕ ਝੁਲਾ ਦਿੱਤਾ ਗਿਆ। ਅੰਤਿਮ ਸਿੱਖ ਮਹਾਰਾਜੇ ਬਾਲ ਦਲੀਪ ਸਿੰਘ ਨੂੰ ਦੇਸ਼-ਬਦਰ ਕਰ ਦਿੱਤਾ ਗਿਆ। ਪੁਰਾਣੇ ਸਿੱਖ ਸਰਦਾਰ ਘਰਾਣਿਆਂ ਤੇ ਵੀ ਅੰਗਰੇਜ਼ਾਂ ਨੇ ਆਪਣਾ ਗੁੱਸਾ ਕੱਢਿਆ। ਕੁਮੇਦਾਨ ਸੰਧੂ ਦੇ ਖੁਦਪੁਰ ਵਾਲੇ ਘਰ ਸਾੜ ਕੇ ਸੁਆਹ ਕਰ ਦਿੱਤੇ। ਰਾਵੀ ਦੇ ਕਿਨਾਰੇ ਤੇ ਰਹਿਣ ਵਾਲੇ ਇਕ ਅਣਖੀਲੇ ਪੰਜਾਬੀ ਸ਼ਾਮ ਸਿੰਘ ਰਾਠੌਰ ਪਾਸ ਇਸ ਪਰਿਵਾਰ ਨੇ ਬਿਪਤਾ ਦੇ ਦਿਨ ਲੁਕ ਛਿਪ ਕੇ ਕੱਟੇ।

ਛੇਤੀ ਹੀ ਅਮਨ-ਅਮਾਨ ਹੋ ਗਿਆ ਤਾਂ ਕੁਮੇਦਾਨ ਪਰਿਵਾਰ ਆਪਣੇ ਨਵੇਂ ਪਿੰਡ ਜਾ ਵਸਿਆ ਜੀਏ ਬੱਗੇ, ਜੋ ਖੁਦਪੁਰ ਦੇ ਨੇੜੇ ਹੀ ਸੀ। ੧੮੫੭ ਈ. ਦੀ ਵਿਸਾਖੀ ਦੇ ਦਿਹਾੜੇ ਭੈਣੀ ਸਾਹਿਬ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸਾਜਨਾ ਕਰਕੇ ਸੁਤੰਤਰਤਾ ਦਾ ਨਾਦ ਫੂਕਿਆ। ਫੌਜ ਵਾਲੇ, ਸਤਿਗੁਰੂ ਰਾਮ ਸਿੰਘ ਦੀਆਂ ਮਸਤਾਨੀ ਬਿਰਤੀ ਦੀਆਂ ਸਾਖੀਆਂ ਕੁਮੇਦਾਨ ਪਰਿਵਾਰ ਵੀ ਸੁਣਦਾ ਰਹਿੰਦਾ ਸੀ। ਸੋ ਉਸਦਾ ਪੁੱਤਰ ਅਰਜਨ ਸਿੰਘ ਵੀ ਇਸ ਨਵੇਂ ਪੰਥ ਵਿਚ ਸ਼ਾਮਲ ਹੋ ਗਿਆ। ਕੂਕਾ ਸਰਗਰਮੀਆਂ ਤੇ ਸਰਕਾਰ ਦੀ ਤਾੜਵੀਂ ਨਜ਼ਰ ੧੮੬੩ ਈ. ਤੋਂ ਹੀ ਪੈਣੀ ਸ਼ੁਰੂ ਹੋ ਗਈ ਸੀ। ਮਲੇਰ ਕੋਟਲੇ ਦੀਆਂ ਬੁਚੜਬੰਧ ਘਟਨਾਵਾਂ ਦਾ ਬਹਾਨਾ ਬਣਾਕੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪ੍ਰਮੁੱਖ ਸੂਬਿਆਂ ਨੂੰ ਦੇਸ਼-ਬਦਰ ਕਰ ਦਿੱਤਾ। ਪੰਥ ਨਾਮਧਾਰੀ ਦੀ ਅਗਵਾਈ ਹੁਣ ਗੁਰੂ ਹਰੀ ਸਿੰਘ ਕਰ ਰਹੇ ਸਨ। ਉਹਨਾਂ ਇਕ ਇਕ ਤੰਦ ਗੰਢ ਕੇ ਫਿਰ ਨਵੇਂ ਸਿਰਿਉਂ ਟੁੱਟ ਰਹੀ ਸਿੱਖੀ ਨੂੰ ਮੇਲ ਦਿੱਤਾ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਵਾਂਗੂੰ ਹੀ ਪਾਬੰਦੀਆਂ ਢਿਲੀਆਂ ਹੋਣ ਬਾਦ ਕੁਝ ਪ੍ਰਚਾਰ ਦੌਰੇ ਵੀ ਕੀਤੇ ਅਤੇ ਨਾਮਧਾਰੀ ਤਨਜ਼ੀਮ ਦੇ ਢਾਂਚੇ ਨੂੰ ਮੁੜ ਖੜਾ ਕਰਨ ਲਈ ਸੂਬੇ, ਮਹੰਤ, ਜਥੇਦਾਰ ਆਦਿ ਵੀ ਥਾਪ ਦਿੱਤੇ। ਇਕ ਦੇਸ਼ ਭਗਤ ਸੈਨਿਕ ਅਧਿਕਾਰੀ ਦਾ ਪੁੱਤਰ ਹੋਣੇ ਦੇ ਨਾਤੇ ਗੁਰੂ ਹਰੀ ਸਿੰਘ ਜੀ ਨੇ ਬਾਬਾ ਅਰਜਨ ਸਿੰਘ ਨੂੰ ਸੂਬਾ ਥਾਪਿਆ। ਆਪਣੇ ਜ਼ਿਲ੍ਹਾ ਲਾਹੌਰ ਵਿਚ ਨਾਮਧਾਰੀ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਅਤੇ ਬਰਤਾਨਵੀ ਹਾਕਮਾਂ ਨੂੰ ਪਰੋਖ ਜਾਂ ਅਪਰੋਖ ਢੰਗ ਨਾਲ ਮੁਸ਼ਕਿਲਾਂ ਪੈਦਾ ਕਰਨ ਵਿਚ ਸੂਬਾ ਅਰਜਨ ਸਿੰਘ ਨੇ ਆਪਣਾ ਸਮਾਂ ਬਤੀਤ ਕੀਤਾ। ਪਿਤਾ-ਪੁਰਖੀ ਗੁਰੂ ਭਗਤੀ ਅਤੇ ਦੇਸ਼ ਭਗਤੀ ਦੀਆਂ ਲੀਹਾਂ ਤੇ ਚੱਲਣ ਵਾਲਾ ਸੀ ਸੂਬਾ ਜੀ ਦਾ ਸਪੁੱਤਰ ਧਰਮ ਸਿੰਘ। ਉਸਦੀ ਜ਼ਿੰਦਗੀ ਇਕ ਸਧਾਰਨ ਪੇਂਡੂ ਕਿਸਾਨ ਦੀ ਜ਼ਿੰਦਗੀ ਸੀ, ਜਿਸ ਵਿਚ ਦਵੈਤ ਈਰਖਾ ਜਾਂ ਧੋਖੇਬਾਜ਼ੀ ਲਈ ਕੋਈ ਥਾਂ ਨਹੀਂ ਸੀ। ਇਹੋ ਵਜ੍ਹਾ ਸੀ ਕਿ ਸਾਡੇ ਕਵੀ ਗੁਰਬਖਸ਼ ਸਿੰਘ ਤੇ ਉਹਦੇ ਪਿਤਾ ਦਿਆਂ ਦੈਵੀ ਗੁਣਾਂ ਦਾ ਪ੍ਰਤੱਖ ਅਸਰ ਵੀ ਹੋਇਆ ਅਤੇ ਦੇਸ਼ ਪ੍ਰੇਮ ਦੀ ਵਿਰਾਸਤ ਵਿਚ ਮਿਲੀ ਲਾਟ ਨੂੰ ਉਸ ਬੁਝਣ ਤਾਂ ਕੀ ਦੇਣਾ ਸੀ, ਸਗੋਂ ਹੋਰ ਪ੍ਰਚੰਡ ਕੀਤਾ।

੧ ਜਨਵਰੀ ੧੯੦੦ ਈਸਵੀ ਨੂੰ ਪਿਤਾ ਧਰਮ ਸਿੰਘ ਅਤੇ ਮਾਤਾ ਭਾਗਣ, ਜੋ ਚੂਹੜਕਾਣਾ (ਸ਼ੇਖੂਪੁਰਾ) ਦੇ ਵਿਰਕਾਂ ਦੀ ਧੀ ਸੀ, ਦੇ ਘਰ ਗੁਰਬਖਸ਼ ਸਿੰਘ ਪੈਦਾ ਹੋਇਆ ਜਾਂ ਇਉਂ ਕਹਿ ਲਈਏ ਕਿ ਉਹ ਵੀਹਵੀਂ ਸਦੀ ਦਾ ਹਾਣੀ ਹੈ। ਤਿੰਨ ਵੱਡੇ ਭਰਾ ਹੋਰ ਸਨ—ਭਾਨ ਸਿੰਘ, ਮਾਹਣਾ ਸਿੰਘ ਅਤੇ ਧਾਰਾ ਸਿੰਘ। ਸਾਰਿਆਂ ਤੋਂ ਛੋਟਾ ਹੋਣ ਕਾਰਨ ਮਾਂ ਪਿਓ ਦਾ



Namdhari Elibrary NamdhariElibrary@gmail.com

ਜ਼ਿਆਦਾ ਪਿਆਰ ਗੁਰਬਖਸ਼ ਦੇ ਹਿੱਸੇ ਆਇਆ। ਸਰੀਰ ਕਾਫੀ ਮੋਟਾ ਤਾਜ਼ਾ ਅਤੇ ਗੋਭਲਾ ਜਿਹਾ ਸੀ। ਮਾਪਿਆਂ ਨੇ ਲਾਡ ਨਾਲ 'ਗੋਧਾ ਗੋਧਾ' ਕਹਿਣਾ ਸ਼ੁਰੂ ਕਰ ਦਿੱਤਾ। ਅਸਲ ਨਾਂ ਕੋਈ ਨਾ ਲਵੇ। ਇਸੇ ਲਈ ਵੱਡਿਆਂ ਹੋ ਕੇ ਗੋਧਾ ਸਿੰਘ "ਜੱਟ" ਦੇ ਉਪ ਨਾਂ ਹੇਠ ਹੀ ਉਹਨਾਂ ਆਪਣੀਆਂ ਹਰਮਨ ਪਿਆਰੀਆਂ ਪੰਜਾਬੀ ਕੁੰਡਲੀਆਂ ਦੀ ਰਚਨਾ ਕੀਤੀ। ਤੁਕਾਂਤ ਨੂੰ ਸਮਤੋਲ ਰੱਖਣ ਲਈ ਵੀ ਇਹ ਨਾਂ ਗੁਰਬਖਸ਼ ਸਿੰਘ ਨਾਲੋਂ ਵੱਧ ਉਪਯੋਗੀ ਸਿੱਧ ਹੋਇਆ। "ਸਤਿਜੁਗ" ਵਿਚ ਉਹ ਗੁਰਬਖਸ਼ ਸਿੰਘ "ਜੱਟ" ਦੇ ਨਾਂ ਹੇਠ ਆਪਣੀਆਂ ਲੰਮੀਆਂ ਕਵਿਤਾਵਾਂ ਛਪਵਾਉਂਦੇ ਰਹੇ ਹਨ।

ਪਿੰਡ ਦੇ ਸੁਹਾਵਣੇ ਵਾਤਾਵਰਣ ਵਿਚ ਖੇਡਦਿਆਂ ਅਤੇ ਕੁਦਰਤ ਦੀ ਸਰ-ਸਬਜ਼ ਗੋਦ ਦੇ ਹੁਲਾਰੇ ਲੈਂਦਿਆਂ ਕਵੀ ਦਾ ਬਚਪਨ ਬੀਤ ਗਿਆ। ਵੱਡਾ ਹੋਣ ਤੇ ਤੀਖਣ ਬੁੱਧੀ ਵਾਲਾ ਵੇਖ ਕੇ ਘਰਦਿਆਂ ਇਹਨੂੰ ਪੜ੍ਹਾਉਣ ਲਿਖਾਉਣ ਦੀ ਸੋਚੀ। ਪਹਿਲਾਂ ਪਹਿਲ ਪਿੰਡ ਦੀ ਮਸੀਤ ਦੇ ਮੌਲਵੀ ਨੂੰ ਗੁਰੂ ਧਾਰਨ ਕਰਕੇ ਉਸ ਪਾਸੋਂ ਅਲਫ਼ ਬੇ ਪੇ ਸਿਖਿਆ। ਇਹੋ ਵਜ੍ਹਾ ਹੈ ਕਿ ਵੱਡੇ ਹੋਣ ਬਾਦ ਉਹ ਗੁਰੂਆਂ ਦੀ ਸਿਖਿਆ "ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ ਓਈ" ਦਾ ਧਾਰਨੀ ਬਣ ਕੇ ਮਜ਼੍ਹਬੀ ਕੱਟੜ ਪੰਥੀਆਂ ਤੋਂ ਬਹੁਤ ਉਪਰ ਉਠ ਗਿਆ। ਦੂਸਰੀ ਜਮਾਤ ਵਿਚ ਆਪਣੇ ਨਾਨਕੇ ਚੂਹੜਕਾਣੇ ਚਲਾ ਗਿਆ। ਉਥੇ ਰਹਿ ਕੇ ਚੌਥੀ ਤੱਕ ਨਾਲੇ ਤਾਂ ਪੜ੍ਹਾਈ ਕੀਤੀ ਅਤੇ ਨਾਲ ਕੁਦਰਤ ਦੇ ਜ਼ਿਆਦਾ ਨਜ਼ਦੀਕ ਜੰਗਲ ਜਾਂ ਬਾਰ ਵਿਚ ਰਹਿਣ ਵਾਲੇ ਵਿਰਕਾਂ ਦੇ ਖੁਲ੍ਹੇ ਡੁਲ੍ਹੇ ਸੁਭਾਉ ਦਾ ਮੁਤਾਲਿਆ ਕੀਤਾ। ਬਾਬਾ ਅਰਜਨ ਸਿੰਘ ਕਿਝ ਸਹਾਰ ਸਕਦਾ ਸੀ ਕਿ ਲਾਡਲਾ ਪੋਤਰਾ ਅੱਖਾਂ ਤੋਂ ਦੂਰ ਰਹੇ। ਉਸ ਨੇ ਪਿੰਡ ਦੇ ਹੋਰ ਸਿਆਣਿਆਂ ਦੇ ਉਦਮ ਨਾਲ ਡਿਸਟਰਿਕਟ ਬੋਰਡ ਦਾ ਪ੍ਰਾਇਮਰੀ ਸਕੂਲ ਪਿੰਡ ਵਿਚ ਖੁਲ੍ਹਵਾ ਲਿਆ ਅਤੇ ਗੋਧੇ ਨੂੰ ਮੌਲਵੀ ਹਸਨਦੀਪ ਦੇ ਸਪੁਰਦ ਕਰ ਦਿੱਤਾ "ਜੀਏ ਬੱਗੇ" ਲਿਆ ਕੇ। ਆਪਣੇ ਪਿੰਡ ਇਕ ਵਰ੍ਹਾ ਹੋਰ ਘਰਦਿਆਂ ਦਾ ਵਾਤਸਲ ਨਿੱਘ ਮਾਣਿਆ ਤੇ ਪੰਜਵੀਂ ਜਮਾਤ ਪਾਸ ਕਰ ਲਈ। ਉਦੋਂ ਉਰਦੂ ਦੀਆਂ ਪੰਜ ਜਮਾਤਾਂ ਪੜ੍ਹਨ ਬਾਦ ਇਕ ਸਾਲ ਅੰਗਰੇਜ਼ੀ ਪੜ੍ਹਨੀ ਪੈਂਦੀ ਸੀ ਤੇ ਇਹਨੂੰ ਜੂਨੀਅਰ ਦਾ ਇਮਤਿਹਾਨ ਆਖਦੇ ਸਨ। ਇਹ ਇਮਤਿਹਾਨ ਪਾਸ ਕੀਤਾ ਲਾਇਲਪੁਰ ਦੀ ਤਹਿਸੀਲ ਸਮੁੰਦਰੀ ਵਿਚ ਭੂਆ ਪਾਸ ਜਾਕੇ। ਅਗਲੇਰੀ ਪੜ੍ਹਾਈ ਲਈ ਖਾਲਸਾ ਹਾਈ ਸਕੂਲ ਲਾਹੌਰ ਨੂੰ ਜਾ ਨਿਵਾਜਿਆ। ਮੇਲਾ ਰਾਮ ਦੇ ਤਲਾ ਪਾਸ ਗੁਰਦੁਆਰਾ ਸੀ, ਜਿਸਦਾ ਗ੍ਰੰਥੀ ਜੀਏ ਬੱਗੇ ਦਾ ਸੀ। ਸੋ ਡੇਰਾ ਉਥੇ ਹੀ ਲਾ ਲਿਆ। ਰੋਟੀ ਕਦੇ ਗੁਰਦੁਆਰਿਉਂ ਖਾ ਲੈਂਦੀ ਤੇ ਕਦੇ ਆਪ ਪਕਾ ਲੈਂਦੀ। ਹੁਣ ਵਾਹਵਾ ਸਿਆਣਾ ਹੋ ਗਿਆ ਸੀ। ਉਦੋਂ ਮੁੰਡੇ ਅੱਠਾਂ ਨਵਾਂ ਸਾਲਾਂ ਦੇ ਤਾਂ ਪੜ੍ਹਨੇ ਪੈਂਦੇ ਸਨ। ਪੈਰ ਵਿਚਲੇ ਚੱਕਰ ਨੇ ਏਥੇ ਵੀ ਨਾ ਟਿਕਣ ਦਿੱਤਾ ਤੇ ਅੱਠਵੀਂ ਜਮਾਤ ਵਿਚ ਗੌਰਮਿੰਟ ਹਾਈ ਸਕੂਲ ਬਗਬਾਨਪੁਰੇ ਪੁਜ ਗਏ। ਇਥੇ ਬੋਰਡਿੰਗ ਵਿਚ ਡੇਰਾ ਲਾਇਆ। ਇਸ ਸਕੂਲ ਵਿਚ ਓਦੋਂ ਜਹੇ ਹੀ ਪ੍ਰਸਿੱਧ ਪੰਜਾਬੀ ਸਟੇਜੀ ਕਵੀ ਚਿਰਾਗ ਦੀਨ, ਉਸਤਾਦ ਦਾਮਨ ਵੀ ਲੰਗੋ ਡੰਗ ਪੜ੍ਹਨ ਜਾਇਆ ਕਰਦੇ ਸਨ। ਬਗਬਾਨਪੁਰਾ ਸਕੂਲ ਦੇ ਪਾੜ੍ਹਿਆ ਵਿਚੋਂ ਡਾ. ਹਰਿਭਜਨ ਸਿੰਘ ਅਤੇ ਨਾ ਜਾਣੀਏ ਹੋਰ ਕਿੰਨੇ ਪੰਜਾਬੀ ਸਾਹਿਤ ਦੇ ਨਿਵੇਕਲੇ ਹਸਤਾਖਰ ਲੱਭ ਪੈਣਗੇ।

ਪੜ੍ਹਾਈ ਦੇ ਦੌਰਾਨ ਇਕ ਵੇਰ ਸਾਧ ਬਣਨ ਦਾ ਭੂਤ ਵੀ ਇਹਨਾਂ ਦੇ ਸਿਰ ਤੇ ਸੁਆਰ ਹੋ ਗਿਆ। ਉਦਾਸੀ ਸੰਤ ਹਰਿਭਜਨ ਦਾਸ ਦੇ ਨਾਲ ਰਲ ਗਏ। ਚੌਥੇ ਪੰਜਵੇਂ ਦਿਨ ਅੰਮ੍ਰਿਤਸਰ ਵਾਲੀ ਨਹਿਰ ਤੇ ਕੇਸ ਚਾਕੂ ਨਾਲ ਕੁਤਰ ਕੇ ਉਹਨੇ ਸਿਰ ਵਿਚ ਸੁਆਹ ਪਾ ਦਿੱਤੀ। ਬਾਦ ਵਿਚ ਆਪਣੀ ਰਚਨਾ ਵਿਚ ਉਹ ਜ਼ਿਕਰ ਕਰਦੇ ਹਨ—

"ਬੁਕ ਸੁਆਹ ਦਾ ਪਾ ਸਿਰ, ਮੂੰਹ ਤੇ ਮਲੀ ਭਬੂਤ।
ਉਤ ਗੁਆਈ ਜ਼ਿੰਦਗੀ, ਬਣ ਗਿਆ ਬੰਦਿਓਂ ਭੂਤ।"

ਇਹਨਾਂ ਦਾ ਨਾਂ ਕਿਰਪਾਲ ਦਾਸ ਰੱਖ ਦਿੱਤਾ ਗਿਆ। ਮੰਗਲ ਦਾਸ ਬੈਰਾਗੀ ਸਾਧ ਸੀ। ਉਸਦਾ ਕਿਸੇ ਪਿੰਡ ਲਾਇਆ ਅਤੰਗਾ ਨਾ ਫੱਬਿਆ। ਉਹ ਨੱਸ ਗਿਆ। ਬਾਕੀ ਤਿੰਨ ਰਹਿ ਗਏ ਗੁਰੂ, ਚੇਲਾ ਤੇ ਮਿਹਰ ਦਾਸ। ਰਾਵੀ ਦਰਿਆ ਦੇ ਕੰਢੇ ਕਾਲੇ ਖਤਾਈ ਦੇ ਲਾਗੇ ਮਸਤ ਚੱਕ ਇਕ ਛੋਟਾ ਜਿਹਾ ਪਿੰਡ ਸੀ ਸਿਆਲਕੋਟ ਜ਼ਿਲ੍ਹੇ ਵਿਚ। ਹਰਿਭਜਨ ਦਾਸ ਉਸ ਪਿੰਡ ਦੇ ਗੁਰਦੁਆਰੇ ਰਿਹਾ ਕਰਦਾ ਸੀ। ਸਾਰਾ ਸਿਆਲ ਮਸਤ ਚੱਕ ਕੱਟਿਆ। ਇਕ ਦਿਨ ਗੋਧਾ ਸਿੰਘ ਦੀ ਹਰਿਭਜਨ ਦਾਸ ਨਾਲ ਮਜ਼੍ਹਬਾਂ ਬਾਰੇ ਚਰਚਾ ਹੋ ਗਈ। ਉਸ ਉਦਾਸੀ ਮੱਤ ਨੂੰ ਤਾਂ ਵਡਿਆਇਆ ਤੇ ਦੂਜੇ ਮੱਤਾਂ ਵਾਲਿਆਂ ਨੂੰ ਗਾਹਲਾਂ ਕੱਢੀਆਂ। ਗੋਧਾ ਸਿੰਘ ਜੀ ਦੱਸਦੇ ਸਨ ਕਿ ਜਦ ਉਸ ਨਾਮਧਾਰੀ ਸਿੱਖਾਂ ਨੂੰ ਵੀ ਗਾਹਲਾਂ ਕੱਢੀਆਂ ਤਾਂ ਮੇਰੇ ਅੰਦਰੋਂ ਪਿਓ ਦਾਦੇ ਵਾਲਾ ਪੰਥ ਪ੍ਰਗਟ ਹੋ ਗਿਆ। ਮੈਂ ਉਦਾਸੀਆਂ ਨੂੰ ਸਲੋਕ ਸੁਣਾ ਦਿੱਤੇ। ਇਸ ਗੱਲ ਤੋਂ ਸਾਡੇ ਵਿਚ ਛਿਪੀ ਕੂਹੜੀ ਵੀ ਖੜਕ ਪਈ। ਕਿਸੇ ਜਾਣੂ ਨੇ ਪਿੰਡ ਤਾਰ ਦੇ ਦਿੱਤੀ। ਬਾਪੂ ਹੋਰੀਂ ਆਏ ਤੇ ਇਸ ਤਰ੍ਹਾਂ ਵਾਪਸ ਜੀਏ ਬੱਗੇ ਜੋ ਲਾਹੌਰ ਤੋਂ ਮੁਲਤਾਨ ਵਾਲੀ ਲਾਈਨ ਤੇ ਚੌਥਾ ਸਟੇਸ਼ਨ ਸੀ ਪੁਜ ਗਏ। ਮੇਰੇ ਵਿਓਗ ਵਿਚ ਮਾਤਾ ਪਿਤਾ ਦਾ ਵੀ ਬੁਰਾ ਹਾਲ ਹੋਇਆ


Namdhari Elibrary NamdhariElibrary@gmail.com

ਸੀ। ਇਹੋ ਵਜ੍ਹਾ ਸੀ ਕਿ ਮੈਂ ਫਿਰ ਘਰ ਬਾਰ ਤਿਆਗਣ ਵਾਲੇ ਪਖੰਡੀ ਸਾਧਾਂ ਦਾ ਕੱਟੜ ਵੈਰੀ ਹੋ ਗਿਆ ਅਤੇ ਉਹਨਾਂ ਦੇ ਭਰਮ ਜਾਲ ਨੂੰ ਤੋੜਨ ਵਾਸਤੇ 'ਕੁੰਡਲੀਏ' ਲਿਖੇ ਜੋ ੧੯੨੧-੨੨ ਈ. ਵਿਚ "ਪਾਖੰਡੀਆਂ ਦਾ ਜਾਲ" ਨਾਂ ਹੇਠ ਇਕ ਕਿਤਾਬਚੇ ਵਿਚ ਛਪੇ ਸਨ।

ਫਿਰ ਘਰਦਿਆਂ ਦੇ ਕਹਿਣ ਤੇ ਕਾਹਨਾ (ਜ਼ਿਲ੍ਹਾ ਲਾਹੌਰ) ਦੇ ਸਕੂਲ ਤੋਂ ਵਰਨੈਕੂਲਰ ਮਿਡਲ ਪਾਸ ਕਰਕੇ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹੀ ਗੁਰਬਖਸ਼ ਸਿੰਘ ਮਾਸਟਰ ਲੱਗ ਗਿਆ। ਉਤਸ਼ਾਹ ਨਾਲ ਵਿਦਿਆ ਪੜ੍ਹਾਉਣੀ ਉਹਨੇ ਆਪਣਾ ਫਰਜ਼ ਸਮਝਿਆ ਸੀ। ਕੁਝ ਅਰਸਾ ਇੰਜ ਬੀਤਿਆ ਹੀ ਸੀ ਕਿ ਇਸੇ ਜ਼ਿਲ੍ਹੇ ਦੇ ਇਕ ਮਸ਼ਹੂਰ ਪਿੰਡ ਰਾਇਵਿੰਡ ਵਿਖੇ "ਜ਼ਿਮੀਦਾਰਾ ਲੀਗ" ਦੀ ਸਲਾਨਾ ਕਾਨਫਰੰਸ ਹੋਣ ਦਾ ਪ੍ਰੋਗਰਾਮ ਬਣ ਗਿਆ। ਮਾਸਟਰ ਜੀ ਉਥੇ ਪਹੁੰਚ ਗਏ। ਇਥੇ ਸ. ਮਹਿੰਦਰ ਸਿੰਘ "ਬਿੰਦ", ਚੌਧਰੀ ਛੋਟੂ ਰਾਮ (ਉਹਨੂੰ ਅਜੇ ਸਰ ਦਾ ਖਿਤਾਬ ਨਹੀਂ ਸੀ ਮਿਲਿਆ), ਸ੍ਰੀ ਕੇਦਾਰ ਨਾਥ "ਸਹਿਗਲ", ਸੰਤ ਨਿਧਾਨ ਸਿੰਘ 'ਆਲਿਮ ਅਤੇ (ਬਾਅਦ ਵਿੱਚ ਸ਼ਹੀਦੇ-ਆਜ਼ਮ ਬਣਨ ਵਾਲੇ) ਸ੍. ਭਗਤ ਸਿੰਘ ਹੋਰੀਂ ਤੇ ਹੋਰ ਸਿਰਕੱਢ ਆਗੂ ਆਏ ਸਨ। ਇਹਨਾਂ ਦੇ ਵਿਚਾਰਾਂ ਦਾ ਜੱਟ ਹੋਰਾਂ ਤੇ ਬੜਾ ਪ੍ਰਭਾਵ ਪਿਆ। ਉਹ ਕਿਸਾਨਾਂ ਨੂੰ ਬਸਤੀਵਾਦੀਆਂ ਦੇ ਜ਼ੁਲਮ ਬਾਰੇ ਸਮਝਾਉਂਦੇ ਅਤੇ ਇਕੱਠੇ ਹੋ ਕੇ ਦੇਸ਼ ਆਜ਼ਾਦ ਕਰਾਉਣ ਲਈ ਹੰਭਲਾ ਮਾਰਨ ਲਈ ਝੰਝੋੜਦੇ। ਦੇਵੀ ਪਾਰਬਤੀ ਕਮਾਲੀਆ ਦੀ ਤਕਰੀਰ ਨੇ ਤਾਂ ਕਮਾਲ ਹੀ ਕਰ ਦਿੱਤੀ। ਰਾਤ ਨੂੰ ਗੁਰਦੁਆਰੇ ਦੇ ਇਕ ਕਮਰੇ ਵਿਚ ਹੀ ਆਪ ਸਹਿਗਲ ਤੇ ਭਗਤ ਸਿੰਘ ਹੋਰਾਂ ਪਾਸ ਜਾ ਟਿਕੇ ਅਤੇ ਤਬਾਦਲਾ ਖਿਆਲਾਤ ਕਰਦੇ ਰਹੇ। ਭਗਤ ਸਿੰਘ ਅਜੇ ਅਣਦਾੜ੍ਹੀਆ ਹੀ ਸੀ ਤੇ ਉਸ ਦੀ ਹੋਣ ਵਾਲੀ ਪ੍ਰਸਿੱਧੀ ਤੋਂ ਅਜੇ ਸਾਰੇ ਹੀ ਅਨਜਾਣ ਸਨ। "ਪਹਿਲਾ ਜੋਗ" ਸੰਤ ਹਰਿਭਜਨ ਦਾਸ ਤਾਂ ਜਿਵੇਂ ਲਿਆ ਤਿਵੇਂ ਮੋੜ ਆਏ। ਹੁਣ "ਦੂਜਾ ਜੋਗ" ਸੰਤ ਨਿਧਾਨ ਸਿੰਘ 'ਆਲਿਮ' ਹੋਰਾਂ ਦੇ ਦਿੱਤਾ। ਦੇਸ਼ ਸੇਵਾ ਦੀ ਅਜਿਹੀ ਫੂਕ ਉਨ੍ਹਾਂ ਮਾਰੀ ਕਿ ਜੱਟ ਰਾਇਵਿੰਡ ਤੋਂ ਵਾਪਿਸ "ਜੀਏ ਬੱਗੇ" ਨਹੀਂ ਗਿਆ, ਸਗੋਂ ਆਪਣੇ ਦੂਜੇ ਸਾਥੀਆਂ ਸ. ਸੰਗ ਸਿੰਘ ਅਤੇ ਹਰਨਾਮ ਸਿੰਘ ਸਣੇ ਜੋ ਇਹਨਾਂ ਦੇ ਪਿੰਡ ਦੇ ਹੀ ਸਨ। ਅੰਮ੍ਰਿਤਸਰ ਵੱਲ ਆਲਿਮ ਜੀ ਨਾਲ ਚੱਲ ਪਏ। ਸਾਰੇ ਜ਼ਿਲ੍ਹੇ ਵਿਚ ਕਾਂਗਰਸ ਦੇ ਜਲਸਿਆਂ ਦਾ ਪ੍ਰੋਗਰਾਮ ਸੀ। ਇਹਨਾਂ ਦੇ ਨਾਲ ਆਲਿਮ ਹੋਰਾਂ ਤੋਂ ਇਲਾਵਾ ਦੋ ਹੋਰ ਮਸ਼ਹੂਰ ਵਕਤਾ ਸਨ—ਸਵਾਮੀ ਬਾਲ ਸਰੂਪ ਅਤੇ ਦੇਵੀ ਪਾਰਬਤੀ ਕਮਾਲੀਆ।

ਪਹਿਲਾ ਜਲਸਾ ਦਿਆਲ ਗੋਸਲ ਪਿੰਡ ਵਿਚ ਸੀ। ਪੁਲੀਸ ਨੇ ਸਾਰੇ ਰਾਹ ਰੋਕ ਲਏ। ਸਟੇਜ ਵੀ ਨਾ ਬਣਨ ਦਿੱਤੀ। ਭੁੱਖੇ ਭਾਣੇ ਦੇਸ਼ ਸੇਵਕ ਨਿਰਾਸ਼ ਹੋਏ। ਇਕ ਮਹਿਰੇ ਸਿੰਘ ਨੇ ਘਰ ਲਿਜਾ ਕੇ ਪ੍ਰਸ਼ਾਦਾ ਛਕਾਇਆ ਤੇ ਕਿਹਾ ਕਿ ਜੇ ਇਸ ਅਪਰਾਧ ਬਦਲੇ ਮੈਂ ਫਾਹੇ ਵੀ ਲੱਗ ਜਾਵਾਂ ਤਾਂ ਧੰਨ ਭਾਗ। ਸੁਆਮੀ ਜੀ ਨੇ ਪਿੰਡੋਂ ਬਾਹਰ ਵਾਹਣ ਵਿਚ ਚਾਦਰ ਜਾ ਵਿਛਾਈ ਤੇ ਸਫੈਦਪੋਸ਼, ਜ਼ੈਲਦਾਰਾਂ ਨੂੰ ਗਾਹਲਾਂ ਕੱਢਣ ਲੱਗ ਪਏ। ਲੋਕ ਸਾਉਣ ਦੇ ਡੱਡੂਆਂ ਜਿਉਂ ਇਕੱਠੇ ਹੁੰਦੇ ਗਏ ਅਤੇ ਚੰਗਾ ਜਲਸਾ ਹੋ ਗਿਆ। ਜੱਟ ਹੋਰਾਂ ਨੇ ਬਦੇਸ਼ੀ ਸਰਕਾਰ ਵਿਰੁੱਧ ਅੱਗ ਉਗਲ ਦੀਆਂ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਪੰਦਰਾਂ ਕੁ ਜਲਸੇ ਸਫਲਤਾ ਪੂਰਵਕ ਇਕ ਮਹੀਨੇ ਵਿਚ ਕੀਤੇ। ਲੋਕ ਧੜਾਧੜ ਕਾਂਗਰਸ ਦੇ ਮੈਂਬਰ ਬਣਨੇ ਸ਼ੁਰੂ ਹੋ ਗਏ।

ਸਰਕਾਰੀ ਨੌਕਰੀ ਤਾਂ ਦੋ ਮਹੀਨੇ ਹੀ ਕੀਤੀ। ਇਸ ਤੋਂ ਬਾਅਦ ਆਪ ਦਾ ਸਾਰਾ ਜੀਵਨ ਇਕ ਚੱਲਦਾ ਫਿਰਦਾ ਡਰਾਮਾ ਹੀ ਸੀ। ਸਿਆਸੀ ਰੰਗਤ ਵਿਚ ਅਜਿਹੇ ਰੰਗੇ ਗਏ ਕਿ ਘਰ ਘਾਟ ਦਾ ਖਹਿੜਾ ਛੱਡ ਦਿੱਤਾ। ਇਕ ਨਾਟਕ ਜੋ ਪਿੰਡਾਂ ਵਿਚ ਡਰਾਮੇ ਦੇ ਨਾਂ ਨਾਲ ਮਸ਼ਹੂਰ ਸੀ ਆਪ ਖੇਡਿਆ ਕਰਦੇ ਸਨ, ਜਿਸਨੂੰ ਇਹਨਾਂ ਨਿਰਦੇਸ਼ਿਤ ਕੀਤਾ ਸੀ ਅਤੇ ਇਸ ਵਿਚ ਭਾਗ ਲੈਣ ਵਾਲੇ ਹੋਰ ਕਲਾਕਾਰ ਵੀ ਪਿੰਡ ਜੀਆ ਬੱਗਾ ਦੇ ਹੀ ਨਿਵਾਸੀ ਸਨ ਜਿਹਾ ਕਿ ਸੰਗ ਸਿੰਘ, ਮੀਆਂ ਚਿਰਾਗ ਦੀਨ (ਪਾਕਿਸਤਾਨ ਵਿਚ ਉਹਨੇ ਇਕ ਫਿਲਮ 'ਸ਼ੋਲਾ' ਬਣਾਈ ਜੋ ਚੱਲ ਨਹੀਂ ਸੀ ਸਕੀ) ਸ਼ਰਨਪਾਲ ਸਿੰਘ, ਕਰਤਾਰ ਸਿੰਘ, ਪਹਿਲ ਸਿੰਘ, ਗੁਲਾਮ ਮੁਹੰਮਦ "ਤਸੀਲਦਾਰ", ਲਾਲ ਮੁਹੰਮਦ ਤੇਲੀ ਅਤੇ ਆਸਾ ਸਿੰਘ ਭੁੱਖਾ। ਇਉਂ ਇਸ ਦੀ ਸਾਰੀ ਟੀਮ ਵੀ ਧਰਮ ਨਿਰਪੱਖਤਾ ਦੇ ਆਧਾਰ ਤੇ ਚੁਣੀ ਗਈ ਸੀ। ਇਸ ਡਰਾਮੇ ਵਿਚ ਉਦੋਂ ਦੀ ਵਰਤਮਾਨ ਪੇਂਡੂ ਜੀਵਨ ਦੀ ਕਠੋਰਤਾ ਦਾ ਜ਼ਿਕਰ ਹੁੰਦਾ ਸੀ, ਕਿੰਝ ਮੰਦਵਾੜੇ ਕਾਰਨ ਕਿਸਾਨ ਤੋਂ ਮਾਮਲਾ ਨਹੀਂ ਭਰਦਾ, ਪੁਲੀਸ ਦਾ ਡੰਡਾ ਉਸ ਤੇ ਵਰ੍ਹਦਾ ਹੈ, ਤਹਿਸੀਲਦਾਰ ਜਮ ਦਾ ਰੂਪ ਧਾਰਕੇ ਉਗਰਾਹੀ ਤੇ ਚੜ੍ਹਦਾ ਹੈ। ਗਰੀਬ ਜੱਟ ਮਜਬੂਰ ਹੋ ਕੇ ਮੌਤ ਜਾਂ ਕ੍ਰਾਂਤੀ ਵਿਚੋਂ ਕਿਸੇ ਇਕ ਰਾਹ ਚੱਲਣ ਲਈ ਪਰੇਰਿਆ ਜਾਂਦਾ ਹੈ। ਕਿਤੇ ਕਿਤੇ ਹਾਸ-ਰਸ ਵੀ ਸੀ ਤੇ ਪਿੰਡਾਂ ਦੀ ਅਨਪੜ੍ਹਤਾ ਤੇ ਵਹਿਮਾਂ ਭਰਮਾਂ ਤੇ ਵੀ ਕਰਾਰੀਆਂ ਚੋਟਾਂ ਲਾਈਆਂ ਸਨ। ਨਾਟਕ ਦੇ ਅਰੰਭ ਤੋਂ ਪਹਿਲਾਂ "ਜੱਟ" ਆਪਣੀ ਸੁਰੀਲੀ ਆਵਾਜ਼ ਵਿਚ ਪੜਦੇ ਤੋਂ ਪਿਛੇ ਸ੍ਵੈ ਰਚਿਤ ਇਹ ਕਬਿੱਤ ਗਾਇਆ ਕਰਦਾ ਸੀ—



Namdhari Elibrary NamdhariElibrary@gmail.com

"ਕਿਰਤੀਆ ਕਿਸਾਨਾਂ, ਜੱਟ! ਝੱਟਾ ਪਿਆ ਝਟਨਾ ਏ,
ਵੱਟਨਾ ਏ ਕੀਹ ਦੱਸ ਖੱਟੀ ਕਿਹੜੀ ਖੱਟਨਾ ਏਂ ?
ਕਾਹਦੇ ਲਈ ਕਰਨਾ ਏਂ, ਮਰਨਾ ਏਂ ਦਿਨੇ ਰਾਤ,
ਭੁੱਖਾ ਤੇ ਤਿਹਾਇਆ, ਕੰਮੋਂ ਕਦੇ ਵੀ ਨਾ ਹਟਨਾ ਏਂ ?
ਪੋਹ ਦੀ ਏ ਰਾਤ ਬੀਬਾ, ਗੁੱਠੇ ਪਾਣੀ ਚੜ੍ਹਦਾ ਨਹੀਂ,
ਫੜਕੇ ਤੇ ਕਹੀ ਹਾਇ! ਗੁੱਠ ਪਿਆ ਪਟਨਾ ਏਂ।
ਜਾਗੇ ਤੇਰੇ ਭਾਗ ਅੱਜ ਆ ਗਿਆ ਵਸਾਖ ਉੱਤੋਂ,
ਵੇਖਾਂ ਕਿਡੀ ਖੁਸ਼ੀ ਨਾਲ ਕਣਕ ਪਿਆ ਕਟਨਾ ਏਂ

"ਕੱਟ ਲੈ ਬੇਸ਼ਕ ਇਹਨੂੰ, ਖੁਸ਼ੀ ਨਾਲ ਗਾਹ ਲੈ,
ਗਾਹ ਕੇ ਤੇ ਤੂੜੀ ਦਾਣਾ ਘਰ ਵੀ ਲਿਆ ਲੈ।
ਬੋਹਲ ਚੁੱਕ, ਰਿੜੀ ਵੰਡ, ਮੋਚੀ, ਘੁਮਿਆਰ ਨਾਈ,
ਮਾਛੀ ਤੇ ਮਰਾਸੀ ਤਾਂਈਂ ਪੰਡ ਵੀ ਦੁਆ ਲੈ।
ਦੀਵਾ-ਗੁੱਠ, ਬਾਜ਼ੀਗਰ ਸੇਹਲੀ ਤੇ ਪਰਾਣੀ ਲੈ,
ਹੋਰ ਜਿੰਨੇ ਲਾਗੀ ਸਾਰੇ ਖੁਸ਼ੀ ਤੂੰ ਕਰਾ ਲੈ।
ਵਾਛਾਂ ਉਗਰਾਹੀਆਂ ਲਾਈਆਂ ਭਾਈ ਤੇਰੇ ਪਿੰਡ ਵਿਚ,
ਪੀਰ ਤੇ ਫਕੀਰ ਸਾਰੇ ਅੱਜ ਤੂੰ ਮਨਾ ਲੈ।
ਗੜੇ-ਘੰਨ੍ਹ ਸੇ-ਵਾਲਾ, ਫੇਰੀ-ਵਾਲਾ ਆ ਗਿਆ ਈ,
ਬਹੁਤਾ ਨਹੀਂ ਤੇ ਟੋਪਾ ਟੋਪਾ ਉਹਨਾਂ ਵੀ ਦੁਆ ਲੈ।
ਖੁਸਰੇ, ਭਰਾਈ, ਸ਼ੇਖ, ਢੋਲ ਤੇ ਢਮੱਕੇ ਆਏ,
ਦਾਣੇ ਫੁਲਕਾਰੀ ਦੇ ਕੇ ਲੋਗੀ ਵੀ ਸੁਣਾ ਲੈ।"
ਅਕਲ ਦਿਆ ਅੰਨ੍ਹਿਆ ਤੇ ਗੰਢ ਦਿਆ ਢਿੱਲਿਆ ਵੇ,
ਜਿਹੜੀ ਲੁੱਟ ਰਹਿੰਦੀ ਬੀਬਾ ਉਹ ਵੀ ਤੂੰ ਲੁਟਾ ਲੈਂ।
ਅਜੇ ਪਟਵਾਰੀ, ਗਰਦੌਰ, ਜ਼ਿਲ੍ਹੇਦਾਰ ਰਹਿੰਦੇ,
ਧਮਕੀ ਦੇ ਨਾਲ ਜਿਨ੍ਹਾਂ ਮੰਗਣਾਂ ਤਕਾ ਲੈ।
ਟੋਪਿਆਂ ਪੜੋਪਿਆ ਦੇ ਨਾਲ ਉਹਨਾਂ ਰੱਜਣਾਂ ਨਹੀਂ
ਤੂੜੀਆਂ ਦੇ ਗੱਡੇ ਦਾਣੇ ਮਣਾਂ ਮੂੰਹੀਂ ਚੁਕਾ ਲੈ।
ਕੁਕੜੀ ਕਬਾਬ ਆਂਡੇ ਪੀਣ ਵਾਲੇ ਮੁਛੀਆਂ ਲਈ
ਘੋੜੀਆਂ ਦਾ ਦਾਣਾ ਹੱਥੀਂ ਬਾਣੇ ਤੂੰ ਪੁਚਾ ਲੈ।
ਨਾਲੇ ਹੱਥੇਂ ਦੇਵੇ ਨਾਲੇ ਮਾਈ ਬਾਪ ਆਖਨਾ ਏ
ਭੁੱਡੂਆ! ਓਇ ਖੱਲ ਭੁੱਡੂ ਬਣ ਕੇ ਲੁਹਾ ਲੈ।
ਤੂੜੀ ਸਾਰੀ ਮੁਕ ਗਈ ਏ ਦਾਣੇ ਬਿਲੇ ਲੱਗ ਗਏ ਨੇ।
ਸਾਰੇ ਨਹੀਂ ਉ ਮੰਨਣੇ ਤੂੰ ਕਿਸੇ ਨੂੰ ਰੁਸਾ ਲੈ।
ਦੋ ਅਜੇ ਯਾਰ ਤੇਰੇ ਗੂਹੜੇ ਮੈਨੂੰ ਦਿਸਦੇ ਨੇ,
ਉਹਨਾਂ ਨਹੀਂ ਉਂ ਰੁਸਣਾ ਚਾਹੇ ਕਿੰਨਾ ਜ਼ੋਰ ਲਾ ਲੈ।
ਖਾਣ ਜੋਗੇ ਰਹਿਣ ਤੇ ਚਾਹੇ ਰਹਿਣ ਨਹੀਂ ਕੋਲ ਤੇਰੇ
ਹਾੜੀ ਵਾਲੀ ਕਿਸ਼ਤ ਪਹਿਲਾਂ ਬੰਕ ਦੀ ਤਰਾ ਲੈ।
ਪੰਜ ਸੌ ਏ ਅਸਲ ਤੇਰਾ ਤੀਹ ਏ ਵਿਆਜ ਉਹਦਾ
ਚਾਲੀ ਵਿਚ ਅਸਲ ਸਾਰੇ ਸੱਤਰ ਹਟਾ ਲੈ।
ਬਾਕੀ ਜਿਹੜੇ ਬਚਦੇ ਨੇ ਉਹਨਾਂ ਨੂੰ ਕਿਆਸ ਨਾਲ,
ਭੋਰ ਭੋਰ ਚਿੱਬ ਚਿੱਬ ਪੀਹ ਪੀਹ ਖਾ ਲੈ।
ਇਕ ਸੌ ਪੰਜਾਹ ਜਿਹੜਾ ਰਹਿੰਦਾ ਤੇਰਾ ਮਾਮਲਾ ਏ
ਉਹਦੇ ਲਈ ਟੰਗਾਂ ਧੁੱਪੇ ਚੌੜੀਆਂ ਕਰਾ ਲੈ।"

ਇਸ ਤਰ੍ਹਾਂ ਦੀ ਜਜ਼ਬੇ ਗੁੱਧੀ ਅਤੇ ਹਿਰਦੇ ਵੇਧਕ ਰਚਨਾ ਦਾ ਅਸਰ ਸਰੋਤਿਆਂ ਤੇ ਐਸਾ ਹੁੰਦਾ ਕਿ ਉਹ ਆਪਣੇ ਦੁੱਖਾਂ ਦੀ ਝਾਕੀ ਨਾਲ ਇਕ ਰਸ ਹੋ ਕੇ ਸਾਰਾ ਡਰਾਮਾ ਨਿੱਠ ਕੇ ਵੇਖਦੇ। ਜਦੋਂ ਇਹ ਡਰਾਮਾ ਉਹਨਾਂ ਲਿਖਿਆ, ਉਦੋਂ ਮਾਸਕੋ ਵਿਖੇ ਲੈਨਿਨ ਨੂੰ ਮਿਲਕੇ ਮੁੜੇ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਹੋਰਾਂ ਅੰਮ੍ਰਿਤਸਰ ਤੋਂ ਕਿਰਤੀ ਪਰਚਾ ਸ਼ੁਰੂ ਕਰ ਦਿੱਤਾ ਸੀ। ਪੰਜਾਬ ਦੀ ਸਿਆਸਤ ਵਿਚ ਰੈਡੀਕਲ ਉਭਾਰ ਸੀ। ਹੌਲੀ ਹੌਲੀ ਜੱਟ ਭਾਈ ਕੁਲਵੰਤ ਸਿੰਘ ਵੀ ਸਮਝ ਗਏ ਕਿ ਕਾਂਗਰਸ ਕਿਉਂਕਿ ਕੌਮੀ ਸਰਮਾਏਦਾਰੀ ਦੀ ਪਾਰਟੀ ਹੈ। ਇਸ ਲਈ ਕਿਰਤੀਆਂ ਕਿਸਾਨਾਂ ਦੀ ਬੰਦਖਲਾਸੀ ਵਾਲਾ ਪ੍ਰੋਗਰਾਮ ਕਾਂਗਰਸ ਪਾਸ ਨਹੀਂ। ਉਸ ਲਈ ਉਹਨਾਂ ਨੇ ਕਿਰਤੀ ਕਿਸਾਨ ਲਹਿਰਾਂ ਅਤੇ ਫਿਰ ਕਮਿਊਨਿਸਟ ਪਾਰਟੀ ਨਾਲ ਵੀ ਆਪਣੇ ਆਪ ਨੂੰ ਆਪਣੇ ਖੁਲਾਸੇ ਸੁਭਾਉ ਦੇ ਅਨੁਰੂਪ ਜਿੰਨਾ ਕੁ ਗੰਢਿਆ ਜਾ ਸਕਿਆ ਗੰਢਿਆ। ਵੈਸੇ ਜਦੋਂ ਕਦੇ ਕਮਿਊਨਿਸਟ ਪਾਰਟੀ ਦੇ ਡਰਾਮਾ ਸੁਕਐਡਾਂ ਦਾ ਇਤਿਹਾਸ ਖੋਜਿਆ ਜਾਏਗਾ ਤਾਂ ਪਹਿਲਾ ਸੁਕਐਡ ਚਲਾਉਣ ਦਾ ਸਿਹਰਾ ਗੇਂਧਾ ਸਿੰਘ ਜੱਟ ਦੇ ਸੀਸ ਤੇ ਹੀ ਸਜੇਗਾ। ਪਹਿਲਾ ਡਰਾਮਾ ਗੇਂਧਾ ਸਿੰਘ ਹੋਰਾਂ ਦੇ ਦੱਸਣ ਮੁਤਾਬਿਕ ਪੰਜਾਬ ਕਿਸਾਨ ਕਾਨਫਰੰਸ ਭੰਗਾਲੀ (ਜਿਲ੍ਹਾ ਲਹੌਰ) ਵਿਖੇ ਖੇਡਿਆ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਡਾ. ਸੈਫੂਦੀਨ ਕਿਚਲੂ ਦੀ ਪ੍ਰਧਾਨਗੀ ਹੇਠ ਜਦੋਂ ਲੋਪੋਕੇ (ਅੰਮ੍ਰਿਤਸਰ) ਦੇ ਲਾਗੇ ਇਕ ਪਿੰਡ ਵਿਚ ਇਹ ਡਰਾਮਾ ਹੋਇਆ ਤਾਂ ਡਾਕਟਰ ਸਾਹਿਬ ਕਹਿ ਉੱਠੇ। "ਇਸੇ ਤਮਾਮ ਪੰਜਾਬ ਮੇ ਘੁਮਾਓ।" ਸੋਸ਼ਲਿਸਟ ਪੰਜਾਬ ਕਾਨਫਰੰਸ ਗੁਜਰਾਂ-ਵਾਲਾ, ਆਲ ਇੰਡੀਆ ਕਿਸਾਨ ਕਾਨਫਰੰਸ ਲਾਇਲਪੁਰ, ਪੰਜਾਬ ਕਿਸਾਨ ਕਾਨਫਰੰਸ ਜੀਆ ਬੱਗਾ ਅਤੇ ਹੋਰ ਅਨੇਕਾਂ ਅਕਾਲੀ ਅਤੇ ਕਾਂਗਰਸ ਕਾਨਫਰੰਸਾਂ ਵਿਚ ਵੀ ਗੇਂਧਾ ਸਿੰਘ ਜੱਟ ਦਾ ਡਰਾਮਾ ਸਫਲਤਾ ਪੂਰਵਕ ੧੯੪੭ ਈਸਵੀ ਤੱਕ ਖੇਡਿਆ ਜਾਂਦਾ ਰਿਹਾ।

ਸੰਨ ੧੯੨੧ ਈ. ਵਿਚ ਅਰਾੜੇ ਦੇ ਸਰਦਾਰ ਬਹਾਦਰ ਸਿੰਘ ਦੀ ਸਪੁੱਤਰੀ ਬੀਬੀ ਕਰਤਾਰ ਕੌਰ ਨਾਲ ਆਪ ਦਾ ਅਨੰਦ ਕਾਰਜ ਹੋਇਆ। ਸਮੇਂ ਸਮੇਂ ਦੋ ਪੁੱਤਰਾਂ ਜਨਮ ਲਿਆ। ਉਹ ਬਾਲ ਉਮਰੇ ਹੀ ਕਾਲ ਵੱਸ ਹੋ ਗਏ। ਇਕ ਪੁੱਤਰ ਗੁਜ਼ਰੇ



Namdhari Elibrary NamdhariElibrary@gmail.com

ਦਾ ਸੁਨੇਹਾ ਜਦੋਂ ਮਿਲਿਆ ਉਹ ਡਰਾਮਾ ਟੀਮ ਨਾਲ ਸਟੇਸ਼ਨ ਤੇ ਪਹੁੰਚ ਚੁੱਕੇ ਸਨ। ਕਿਸੇ ਪ੍ਰੋਗਰਾਮ ਤੇ ਜਾ ਰਹੇ ਸਨ। ਸੁਨੇਹਾ ਲਿਆਉਣ ਵਾਲੇ ਸੱਜਣ ਨੂੰ ਕਹਿੰਦੇ 'ਚੰਗਾ ਫਿਰ ਤੁਸੀਂ ਭੁਜੰਗੀ ਦਾ ਸਸਕਾਰ ਕਰ ਛੱਡਿਆ ਜੇ ਅਸੀਂ ਜੇ ਹੁਣ ਮੁੜਦੇ ਹਾਂ' ਤਾਂ ਅਗਲਿਆਂ ਦੇ ਪ੍ਰੋਗਰਾਮ ਵਿਚ ਬੇਰਸੀ ਹੋਏਗੀ। ਅਤੇ ਫਿਰ ਪ੍ਰੋਗਰਾਮਾਂ ਵੀ ਨਿਭਾਹਿਆ। ਉਚੇਰੇ ਆਦਰਸ਼ਾਂ ਅਤੇ ਨਰੋਏ ਜੀਵਨ ਮੁੱਲਾਂ ਨੂੰ ਪਰਣਾਏ ਸੂਰਮਿਆਂ ਤੋਂ ਹੀ ਇਹੋ ਜਹੇ ਦਲੇਰ ਫੈਸਲੇ ਸੰਭਵ ਹੁੰਦੇ ਹਨ। ਉਲਾਦ ਦੇ ਨਾਂ ਤੇ ਆਪ ਦੀਆਂ ਦੋ ਧੀਆਂ ਹਨ ਜਿਹਨਾਂ ਦੇ ਪਰਿਵਾਰ ਫਿਰੋਜ਼ਪੁਰ ਸ਼ਹਿਰ ਦੇ ਲਾਗੇ ਚਾਗੇ ਦੇ ਪਿੰਡਾਂ ਵਿਚ ਹਨ। ਗੋਧਾ ਸਿੰਘ ਹੋਰੀਂ ਹੁਸ਼ਿਆਰਪੁਰ, ਕੰਧਵਾਲਾ (ਫਿਰੋਜ਼ਪੁਰ) ਤੋਂ ਹੁੰਦੇ ਹੋਏ ਫਿਰੋਜ਼ਪੁਰ ਛਾਉਣੀ ਦੇ ਲਾਗੇ ਵੰਡ ਤੋਂ ਬਾਦ ਬਸਤੀ ਨੌਕਾਂ ਵਾਲੀ ਅਤੇ ਫਿਰ ਬਸਤੀ ਜੀਆ ਬੱਗਾ ਵਿਚ ਰਹੇ। ਮੈਂ ਬਸਤੀ ਨੌਕਾਂ ਵਾਲੀ ਵਿਚ ਅਪ੍ਰੈਲ ੧੯੬੬ ਈ. ਵਿਚ ਪਹਿਲੀ ਵੇਰ ਉਹਨਾਂ ਦੇ ਦਰਸ਼ਨ ਕੀਤੇ ਸਨ। ਮਾਤਾ ਕਰਤਾਰ ਕੌਰ ੧੯੩੭ ਦੀ ਦਮੇ ਤੋਂ ਪੀੜਤ ਸੀ ਜੱਟ ਹੋਰਾਂ ਅੰਤ ਤੱਕ ਉਸ ਲਈ ਪਰਸ਼ਾਦੇ ਪਕਾਏ, ਬਸਤਰ ਸਾਫ ਕੀਤੇ ਅਤੇ ਵੇਲੇ ਕੁਵੇਲੇ ਉਹਨੂੰ ਟੀਕਾ ਲਾਉਣਾ ਅਤੇ ਹੋਰ ਦਾਰੂ ਦਰਮਲ ਵੀ ਕਰਨਾ। ਮਾਈ ਉਹਨਾਂ ਦੀ ਸੇਵਾ ਤੋਂ ਬਹੁਤ ਦਰਵਿਤ ਹੋ ਜਾਂਦੀ ਸੀ। ਉਹ ੧੯੭੦ ਈ. ਵਿਚ ਬਸਤੀ ਜੀਆ ਬੱਗਾ ਵਿਖੇ ਹੀ ਗੁਜਰ ਗਈ ਅਤੇ ਗੋਧਾ ਸਿੰਘ ਜੱਟ ਆਪਣੀ ਵੱਡੀ ਪੁੱਤਰੀ ਪਾਸ ਮਹਾਲਮ ਸਟੇਸ਼ਨ ਦੇ ਨੇੜੇ ਟੱਲੀ ਸੈਦਾ ਸਾਹੂ ਵਿਖੇ ੩ ਦਿਸੰਬਰ ੧੯੯੭ ਈ. ਨੂੰ ਹੁਕਮ ਸੱਤ ਹੋ ਗਏ। ਉਹ ਨਾਮਧਾਰੀ ਹੋਲਿਆਂ ਮੇਲਿਆਂ ਤੇ ਪੁਜ ਕੇ ਕਵਿਤਾਵਾਂ ਪੜ੍ਹਿਆ ਕਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵਿਸ਼ੇਸ਼ ਸਨੇਹ ਨਾਲ ਉਹਨਾਂ ਦੀਆਂ ਕਵਿਤਾਵਾਂ ਸੁਣਿਆ ਕਰਦੇ ਸਨ। ਉਹ ਸੰਤ ਤਰਨ ਸਿੰਘ ਵਹਿਮੀ ਦੀ ਯਾਦ ਵਿਚ ਹੋਣ ਵਾਲੇ ਸਲਾਨਾ ਸਮਾਗਮ ਵਿਖੇ ੪ ਮੱਘਰ ੨੦੪੭ ਬਿਕ੍ਰਮੀ ਨੂੰ ਜੀਵਨ ਨਗਰ ਦੇ ਗੁਰੂ ਹਰੀ ਸਿੰਘ ਕਾਲਜ ਵਿਚ ਪਹੁੰਚੇ ਸਨ ਅਤੇ ਉਥੇ ਉਹਨਾਂ ਇਕ ਕਵਿਤਾ ਵੀ ਪੂਰੇ ਜਲੌਅ ਵਿਚ ਪੜ੍ਹੀ ਸੀ। ਕਰੀਵਾਲਾ (ਸਿਰਸਾ) ਵਿਖੇ ਉਹਨਾਂ ਦੀ ਬਰਾਦਰੀ ਅਤੇ ਢੇਰ ਸਾਰੇ ਸੱਜਣ ਮਿੱਤਰ ਸਨ। ਕਾਫੀ ਸਮਾਂ ਇਥੇ ਬਿਤਾਇਆ ਕਰਦੇ ਸਨ। ਹਰਿਆਣਾ ਪ੍ਰਗਤੀਸ਼ੀਲ ਲੇਖਕ ਸੰਘ ਵਲੋਂ ਕਰੀਵਾਲਾ ਵਿਖੇ ਹੀ ੧੦-੧੨ ਸਾਲ ਪਹਿਲਾਂ ਗੁਰੂ ਨਾਨਕ ਪੁਰਬ ਸਮੇਂ ਉਹਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ।

੧੯੪੪ ਈ. ਵਿਚ ਇਲਾਕੇ ਦੀਆਂ ਸੰਗਤਾਂ ਨੇ ਕਾਹਨੇ ਵਿਚ ਇਕ ਇਕੱਠ ਕਰਕੇ ਕਿਸਾਨ ਪਾਰਟੀ ਵਲੋਂ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਲਈ ਉਮੀਦਵਾਰ ਖੜਾ ਕੀਤਾ। ਇਕ ਜਗੀਰਦਾਰ ਦਿਆਲ ਸਿੰਘ ਸੁਰੈਚ ਨੂੰ ਹਰਾ ਕੇ ਆਪ ਕਮੇਟੀ ਦੇ ਮੈਂਬਰ ਬਣ ਗਏ। ਆਪਣੇ ਕਾਰਜਕਾਲ ਵਿਚ ਆਪਨੇ ਡੱਟ ਕੇ ਨਾਮਧਾਰੀ ਸੰਗਤ ਵਲੋਂ ਪੱਤਰਾ ਪਾਠ ਕਰਨ ਦੀ ਪ੍ਰੋੜਤਾ ਕੀਤੀ ਅਤੇ ਕਿਹਾ ਕਿ ਬਾਣੀ ਨੂੰ ਕੂਕਿਆਂ ਨੇ ਪੰਜਾਬ ਦੇ ਹਰ ਵੱਟ ਬੰਨ੍ਹੇ ਤੇ ਪੁਚਾ ਦਿੱਤਾ ਹੈ। ਇਸ ਦਾ ਸਤਿਕਾਰ ਕਰਦੇ ਹਨ, ਅਪਮਾਨ ਨਹੀਂ। ੧੯੫੧ ਈ. ਵਿਚ ਪਿੰਡ ਜੱਲੋ ਰੋੜ (ਫਿਰੋਜ਼ਪੁਰ) ਸਰਬ ਸੰਮਤੀ ਨਾਲ ਸਰਪੰਚ ਬਣਾ ਦਿੱਤੇ ਗਏ। ਸੰਨ ੧੯੫੦ ਵਿਚ ਮਖੂ ਮਾਰਕੀਟ ਕਮੇਟੀ ਦੇ ਮੈਂਬਰ ਵੀ ਸਰਬ ਸੰਮਤੀ ਨਾਲ ਬਣਾ ਦਿੱਤੇ ਗਏ। ਇਉਂ ਅਸੀਂ ਵੇਖਦੇ ਹਾਂ ਕਿ ਨਿਸ਼ਕਾਮ ਭਾਵ ਨਾਲ ਸੇਵਾ ਕਰਨ ਵਾਲਿਆਂ ਦੇ ਔਹਦੇ ਪਿਛੇ ਪਿਛੇ ਫਿਰਦੇ ਰਹੇ ਹਨ। ਜੱਟ ਜੀ ਦੀਆਂ ਚਾਹ ਕੁੰਡਲੀਆਂ ਨੂੰ ਸੁਣ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੇ ਚਿੱਤਰ ਸਮੇਤ ਹੁਕਮ ਦੇ ਕੇ ਸਤਿਜੁਗ ਵਿਚ ਛਪਵਾਈਆਂ ਸਨ ਗੁਰਦੀਪ ਸਿੰਘ ਹੋਰਾਂ ਤੋਂ। ਆਪਾਂ ਕਵੀ ਜੀ ਦੀ ਰਚਨਾ ਦੀ ਗੱਲ ਵੀ ਚਾਹ ਕੁੰਡਲੀਏ ਤੋਂ ਸ਼ੁਰੂ ਕਰਦੇ ਹਾਂ :-

"ਘਰ ਘਰ ਬੋਲੇ ਬੱਕਰੀ, ਘਰ ਘਰ ਬਣਦੀ ਚਾਹ,
ਉਹ ਪਾਵੇ ਦੁੱਧ ਮੰਗਣਾ, ਚਾਹ ਚੜ੍ਹਾਵੇ ਸਾਹ,
ਚਾਹ ਚੜ੍ਹਾਵੇ ਸਾਹ, ਦਮੇ ਦੀ ਵੱਧੀ ਬਿਮਾਰੀ,
ਟੀਕੇ ਲੱਗਣ ਰੋਜ਼ ਜਿੰਦ ਨੂੰ ਬਣੀ ਖੁਆਰੀ।
ਕਹਿ ਗੋਧਾ ਸਿੰਘ "ਜੱਟ" ਵੈਦ ਨਿਤ ਪੈਸੇ ਰੋਲੇ।
ਘਰ ਘਰ ਬਣਦੀ ਚਾਹ, ਬਕਰੀ ਘਰ ਘਰ ਬੋਲੇ।"

...... ...... ...... ......

"ਕੋਲ ਲਵੇਰਾ ਕੋਈ ਨਾ, ਨਾ ਘਰ ਚਾਹ ਨਾ ਖੰਡ
ਚਾਰ ਪ੍ਰਾਹੁਣੇ ਆ ਗਏ, ਕਿਹੜੀ ਕਰੀਏ ਵੰਡ
ਕਿਹੜੀ ਕਰੀਏ ਵੰਡ, ਕੋਈ ਨਾ ਹੱਟੀ ਨੇੜੇ।
ਫਸ ਗਈ ਜਾਨ ਅਜਾਬ, ਆਣ ਕੇ ਕੌਣ ਨਿਬੇੜੇ।
ਕਹਿ ਗੋਧਾ ਸਿੰਘ ਜੱਟ, ਹਾਲ ਇਹ ਹੋਇਆ ਮੇਰਾ।
ਨਾ ਘਰ ਚਾਹ ਨਾ ਖੰਡ, ਕੋਲ ਨਾ ਕੋਈ ਲਵੇਰਾ।"

ਪਿੰਡ ਵਿਚ ਲੋਕਾਂ ਦੀ ਅਗਿਆਨਤਾ ਦਾ ਲਾਭ ਚਲਾਕ ਲੋਕ ਉਠਾਉਂਦੇ ਸਨ। ਭਵਿਸ਼ ਵਕਤੇ ਦਾ ਰੂਪ ਧਾਰਕੇ ਫੇਰੀ ਵਾਲਾ ਆਉਂਦਾ ਤੇ ਪੁੱਛਾਂ ਦਿੰਦਾ। ਉਦੋਂ ਤੇ ਪੰਜਾਬ ਵਿਚ ਤਰਕਸ਼ੀਲ ਲਹਿਰ ਵੀ ਨਹੀਂ ਸੀ ਚੱਲੀ ਪਰ ਗੋਧਾ ਸਿੰਘ ਜੱਟ ਤੇ ਮੌਜੂਦ ਹੈ—

"ਵਾਰੀ ਵਾਰੀ ਕਹਿੰਦੀਆਂ, ਪੰਡਿਤ ਵੇਖੀਂ ਰਾਸ।
ਦਿਨ ਰਾਤ ਨਹੀਂ ਲੱਗਦਾ, ਰਹਿੰਦਾ ਚਿਤ ਉਦਾਸ।
ਰਹਿੰਦਾ ਚਿਤ ਉਦਾਸ, ਮੂਲ ਨਾ ਚਰਖਾ ਡਾਹਵਾਂ।



Namdhari Elibrary NamdhariElibrary@gmail.com

ਕਦੇ ਨਾ ਹੋਵੇ ਖੁਸ਼ੀ, ਕੰਮ ਨੂੰ ਹੱਥ ਨਾ ਲਾਵਾਂ।
ਕਹਿ ਗੋਧਾ ਸਿੰਘ ਜੱਟ, ਸਦਾ ਦਿਲ ਰਹੇ ਖਵਾਰੀ।
ਪੰਡਿਤ ਵੇਖੀਂ ਰਾਸ, ਕਹਿੰਦੀਆਂ ਵਾਰੋ ਵਾਰੀ।

..........................................

"ਮੰਗਲ ਤੇਨੂੰ ਸਖਤ ਹੈ, ਨਾਂਵੇ ਘਰ ਗਰੇਹ।
ਪੇਰ ਸ਼ਨਿਚਰ ਘੱਤਿਆ, ਰਾਹੂ ਬੂਹੇ ਬੇਹ
ਰਾਹੂ ਬੂਹੇ ਬੇਹ, ਤੇਰੇ ਘਰ ਰਹੇ ਲੜਾਈ।
ਲਗਨ ਉਪਠੇ ਸਭ ਅਬ ਕੀ ਕਰੀਏ ਮਾਈ।
ਕਹਿ ਗੋਧਾ ਸਿੰਘ ਜੱਟ, ਵੱਜ ਗਏ ਕਰੜੇ ਸੰਗਲ।
ਨਾਂਵੇ ਘਰ ਗਰੇਹ, ਸਖਤ ਹੈ ਤੇਨੂੰ ਮੰਗਲ।"

"ਕਿਸੀ ਜੀਵ ਕੀ ਚਿੰਤ ਮੇਂ, ਰਹਿੰਦਾ ਚਿਤ ਉਦਾਸ।
ਮੇਖ, ਬਿਰਖ, ਕੰਨਿਆ, ਤੁਲਾ, ਮਕਰ ਤੁਮਾਰੀ ਰਾਸ।
ਮਕਰ ਤੁਮਾਰੀ ਰਾਸ ਆਸ ਤਾਂ ਹੋਵੇ ਪੂਰੀ।
ਸੋਨਾ ਤੋਲਾ ਇਕ ਮੰਗਲ ਨੂੰ ਦੇਵੀਂ ਚੂਰੀ।
ਕਹਿ ਗੋਧਾ ਸਿੰਘ ਜੱਟ, ਮਿਲੇਗਾ ਲਗਨ ਜਿਸੀ ਕਾ
ਰਹਿੰਦਾ ਚਿਤ ਉਦਾਸ, ਚਿੰਤ ਮੇਂ ਜੀਵ ਕਿਸੀ ਕੀ।"

ਤਦੋਂਕੇ ਪੰਜਾਬ ਦੇ ਮੇਲੇ ਮੁਸਾਬਿਆਂ ਦਾ ਦੂਸ਼ਿਤ ਮਾਹੌਲ ਵੀ ਸਾਡੇ ਕਵੀ ਨੂੰ ਇਸ ਦਾ ਵਿਰੋਧ ਕਰਨ ਲਈ ਪ੍ਰੇਰਦਾ ਹੈ—

ਲੁੱਚੇ ਮੇਲੇ ਵੜ ਗਏ, ਮੁੱਛਾਂ ਨੂੰ ਵੱਟ ਦੇ।
ਨਾਰਾਂ ਢਾਣੀ ਵੇਖ ਕੇ, ਲੱਗੇ ਉਡਾਵਣ ਖੇਹ।
ਲੱਗੇ ਉਡਾਵਣ ਖੇਹ, ਬੋਲੀਆਂ ਸੱਭਿ ਪਾਵਣ।
ਫੇਰ ਕਿਸੇ ਨਹੀਂ ਲੈਣੀ, ਸਾਰ ਦਾ ਸ਼ਬਦ ਸੁਨਾਵਣ।
ਕਹਿ ਗੋਧਾ ਸਿੰਘ ਜੱਟ, ਬਚਨ ਸਭ ਕਰਦੇ 'ਸੁੱਚੇ'।
ਮੁੱਛਾਂ ਨੂੰ ਵੱਟ ਦੇ, ਮੇਲੇ ਵਿਚ ਵੜ ਗਏ ਲੁੱਚੇ।

ਹਰ ਤਰ੍ਹਾਂ ਦੇ ਨਸ਼ੇ ਮਨੁੱਖੀ ਉਨਤੀ ਦੇ ਰਾਹ ਵਿਚ ਰੋੜਾ ਹਨ। ਗੋਧਾ ਸਿੰਘ ਜੱਟ ਨੇ ਚਾਹ ਤੋਂ ਲੈ ਕੇ ਅਫੀਮ ਸ਼ਰਾਬ ਭੰਗ ਆਦਿ ਸਭ ਨਸ਼ਿਆਂ ਦਾ ਡਟਵਾਂ ਵਿਰੋਧ ਕੀਤਾ ਹੈ, ਆਪਣੀ ਰਚਨਾ ਵਿਚ—

"ਘਰ ਵਿਚ ਲੱਭੇ ਖੇਹ ਨਾ, ਰੋਵਣ ਪੁਤਰ ਨਾਰ।
ਗਾਉਂਦਾ ਫਿਰੇ ਉਹ ਇਸ਼ਕ ਦੀ, ਨਵੀਉਂ ਨਵੀਂ ਬਹਾਰ।
ਨਵੀਉ ਨਵੀਂ ਬਹਾਰ, ਚਾਟ ਨਸ਼ਿਆਂ ਦੀ ਮੰਦੀ।
ਭੰਗ, ਅਫੀਮ, ਸ਼ਰਾਬ, ਜ਼ਿੰਦਗੀ ਕਰਦੇ ਗੰਦੀ।
ਕਹਿ ਗੋਧਾ ਸਿੰਘ ਜੱਟ, ਕੱਢ ਨਸ਼ਿਆਂ ਨੂੰ ਦੇਹ।
ਰੋਵਣ ਪੁੱਤਰ ਨਾਰ, ਲੱਭੇ ਘਰ ਵਿਚ ਨਾ ਖੇਹ।"

ਛੋਲੀਆਂ ਖਿਡਾਉਣ ਵਾਲਿਆਂ ਨੂੰ, ਓਪਰੀ ਕਸਰ ਦੇ ਵੈਦਾਂ "ਬਾਬਿਆਂ" ਨੂੰ ਵੀ ਜੱਟ ਹੋਰੀਂ ਕਰੜੇ ਹੱਥੀਂ ਲੈਂਦੇ ਹਨ—

"ਬਾਬਾ ਗੁਰ ਵਡਭਾਗ ਸਿੰਘ, ਰਹਿੰਦਾ ਮੇਰੇ ਵਿਚ।
ਨਿਸਲ ਉਸ ਨੂੰ ਕਰਦਿਆ, ਜਿਹੜਾ ਕਰੇ ਅੜਿੱਚ।
ਧੁਰ ਦਰਗਾਹੇ ਪਹੁੰਚ ਕੇ, ਜੜ੍ਹ ਉਸਦੀ ਵੱਢਾਂ।
ਕਹਿ ਗੋਧਾ ਸਿੰਘ ਜੱਟ, ਮਾਰਦਾ ਭੁੜਕੇ ਦਾਬਾ।
ਰਹਿੰਦਾ ਗੁਰ ਵਡਭਾਗ ਸਿੰਘ, ਮੇਰੇ ਵਿਚ ਬਾਬਾ।"

ਤੇ ਇਸ ਤਰ੍ਹਾਂ ਦੇ ਬਾਬਿਆਂ ਦਾ ਉਗਮਣਾਂ ਕਦੋਂ ਹੁੰਦਾ ਹੈ ਉਹਨਾਂ ਸਮਾਜਿਕ ਆਰਥਿਕ ਹਾਲਤਾਂ ਤੇ ਵੀ ਗੋਧਾ ਸਿੰਘ ਝਾਤ ਪੁਆਉਂਦੇ ਹਨ—

"ਪੈਲੀ ਸਾਰੀ ਵੇਚ ਲਈ, ਔਖਾ ਲੰਘੇ ਝੱਟ।
ਕੀਕੂੰ ਡੰਗ ਟਪਾਈਏ, ਲੱਗਾ ਸੋਚਣ ਜੱਟ।
ਲੱਗਾ ਸੋਚਣ ਜੱਟ, ਢੰਗ ਕੋਈ ਐਸਾ ਲਾਈਏ।
ਅੱਖੀਂ ਘੱਟਾ ਘੱਤ, ਅਕਲ ਤੇ ਪੜਦਾ ਪਾਈਏ।
ਕਹਿ ਗੋਧਾ ਸਿੰਘ ਜੱਟ, ਓਸ ਇਹ ਵਿਉਂਤ ਉਸਾਰੀ।
ਔਖਾ ਲੰਘੇ ਝੱਟ ਵੇਚ ਲਈ ਪੈਲੀ ਸਾਰੀ।"

ਕੁਝ ਅਟਲ ਸਚਾਈਆਂ ਵੀ ਇਹਨਾਂ ਕੁੰਡਲੀਆਂ ਦਾ ਸ਼ਿੰਗਾਰ ਹਨ—

"ਝੂਠ ਜੇਡ ਕੋਈ ਪਾਪ ਨਾਂ, ਸੱਚ ਜੇਡ ਨਾ ਪੁੰਨ।
ਭਾਵੇਂ ਲੰਮੇ ਕੇਸ ਕਰ, ਭਾਵੇਂ ਦਾਹੜੀ ਮੁੰਨ।
ਭਾਵੇਂ ਦਾਹੜੀ ਮੁੰਨ, ਅਮਲਾਂ ਤੇ ਹੋਊ ਨਿਬੇੜਾ।
ਕਰ ਨੇਕੀ ਦੇ ਕੰਮ, ਸੌਖਲਾ ਰੱਖੀਂ ਵਿਹੜਾ।
ਕਹਿ ਗੋਧਾ ਸਿੰਘ ਜੱਟ, ਵਾਕਿਫ ਬਿਨ ਕਰੀ ਭੇਡ ਨਾ।
ਸੱਚ ਜੇਡ ਨਾ ਪੁੰਨ, ਪਾਪ ਕੋਈ ਝੂਠ ਜੇਡ ਨਾ।"

ਜਦੋਂ ਵੀ ਕੌਮੀ ਮੁਕਤੀ ਅੰਦੋਲਨ ਵਿਚ ਬੇਮਿਸਾਲ ਉਭਾਰ ਉਠਦਾ ਸੀ ਬਰਤਾਨਵੀ ਹਾਕਮ, ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਚੱਲਦਿਆਂ ਫਿਰਕੂ ਤੁਅੱਸਬ ਫੈਲਾ ਕੇ ਸੰਪਰਦਾਇਕ ਟਕਰਾਅ ਕਰਵਾ ਦਿੰਦੇ ਸਨ। ਅਨੇਕਾਂ ਬੇਦੋਸਿਆਂ ਦੇ ਖੂਨ ਵਿਚ ਹੱਥ ਰੰਗੇ ਜਾਂਦੇ ਸਨ। ਘਰ ਘਾਟ ਫੂਕ ਦਿੱਤੇ ਜਾਂਦੇ ਸਨ। ਇਕ ਧਿਰ ਦੇ ਕਾਫਰ ਦੂਜੀ ਧਿਰ ਦੇ ਸ਼ਹੀਦ ਹੋ ਜਾਂਦੇ। ਮਾਮੂਲੀ ਗੱਲਾਂ ਤੋਂ ਇਟਾਂ ਵੱਟੇ ਚਲਦੇ ਤੇ ਰਾਹ ਜਾਂਦੇ ਬੇਦੋਸੇ ਮਾਰੇ ਜਾਂਦੇ। ਗੋਧਾ ਸਿੰਘ ਮਜ਼ਬੀ ਕੱਟੜਤਾ ਦੀ ਇਸ ਤਬਾਹਕੁੰਨ ਸਮਰੱਥਾ ਤੋਂ ਡਾਢਾ ਚਿੰਤਤ ਸੀ ਤਦੇ ਹੀ ਉਸ ਫਿਰਕੂ ਇਕਸੁਰਤਾ ਲਈ ਅੱਜ ਤੋਂ ੮੦ ਵਰ੍ਹੇ ਪਹਿਲਾਂ ਆਪਣੀ ਕਲਮ ਵਿਚੋਂ ਇਹਨਾਂ ਸ਼ਾਹਕਾਰ ਕੁੰਡਲੀਆਂ ਦੀ ਰਚਨਾ ਕੀਤੀ। ਇਹਨਾਂ ਕੁੰਡਲੀਆਂ ਦੀ ਸਫਲਤਾ ਪੂਰਵਕ ਸਿਰਜਣਾ ਗੋਧਾ ਸਿੰਘ ਨੂੰ ਪੰਜਾਬੀ ਕਵਿਤਾ ਵਿਚ ਇਕ ਵਿਸ਼ੇਸ਼ ਸਥਾਨ ਦੁਆਉਂਦੀ ਹੈ। ਉਂਜ ਰੁਬਾਈਆਂ ਅਤੇ ਹੋਰ ਕਵਿਤਾਵਾਂ ਵੀ ਕਾਫੀ ਹਨ ਪਰ ਗੋਧਾ ਸਿੰਘ ਜੱਟ ਦਾ ਨਾਂ ਪੰਜਾਬੀ ਸਾਹਿਤ ਜਗਤ ਵਿਚ ਚਿਰਕਾਲ ਤੱਕ ਜੀਵਤ ਰੱਖਣ ਲਈ ਮਜ਼ਬੀ ਕੱਟੜਤਾ ਵਿਰੁੱਧ ਲਿਖੇ ਗਏ ਉਸ ਦੇ ਇਹ ਕੁੰਡਲੀਏ ਹੀ



Namdhari Elibrary NamdhariElibrary@gmail.com

ਕਾਫੀ ਹਨ। ਇਹਨਾਂ ਵਿਚੋਂ ਕੁਝ ਕੁੰਡਲੀਏ ਅਸੀਂ ਹੇਠਾਂ ਦੇ ਰਹੇ ਹਾਂ ਕਿਉਂ ਜੁ ਗੁਜਰਾਤ ਅਤੇ ਅਯੁਧਿਆ ਦੀਆਂ ਘਟਨਾਵਾਂ ਬਾਦ ਇਹਨਾਂ ਦੀ ਸਾਰਥਿਕਤਾ ਅੱਜ ਵੀ ਜਿਉਂਦੀ ਤਿਉਂ ਬਣੀ ਹੈ—

"ਲੂਠੇ ਮਜ਼ਹਬੀ ਅੱਗ, ਦੇ ਛੱਡਣ ਸਦਾ ਭੜਾਸ।
ਦੋਵੇਂ ਮਿਲ ਕੇ ਬਹਿਣ ਨਾ, ਇਕ ਦੂਜੇ ਦੇ ਪਾਸ।
ਇਕ ਦੂਜੇ ਦੇ ਪਾਸ, ਬਹਿਣ ਜੇ ਲਾਉਣ ਚੁਆਤੀ।
ਵੇਖਣ ਟੀਰੀ ਅੱਖ, ਵਿਚੋਂ ਵਿਚ ਧੁਖਦੀ ਛਾਤੀ।
ਕਹਿ ਗੋਧ ਸਿੰਘ ਜੱਟ, ਪੈ ਗਏ ਰਸਤੇ ਝੂਠੇ।
ਛੱਡਣ ਸਦਾ ਭੜਾਸ, ਮਜ਼ਹਬ ਦੀ ਅੱਗੇ ਲੂਠੇ।"

... ... ... ... ... ... ... ... ... ...

"ਮਜ਼ਹਬ ਲਫਜ਼ ਨੇ ਸੱਜਣੋ, ਦਿੱਤੀ ਦੁਨੀਆਂ ਫੂਕ।
ਕਿਸੇ ਨਾ ਦੇਂਦਾ ਬਹਿਣ ਇਹ, ਪਾਪੀ ਨਾਲ ਸਲੂਕ।
ਪਾਪੀ ਨਾਲ ਸਲੂਕ, ਹੱਥ ਵਿਚ ਫੜੇ ਕੁਹਾੜਾ।
ਕਿਸੇ ਦਾ ਕਰਦਾ ਘੋਨ, ਕਿਸੇ ਦਾ ਲੰਮਾ ਦਾਹੜਾ।
ਕਹਿ ਗੋਧਾ ਸਿੰਘ ਜੱਟ, ਏਸ ਦੇ ਕੰਮ ਅਜਬ ਨੇ।
ਦਿੱਤੀ ਦੁਨੀਆਂ ਫੂਕ ਸਜਣੋ, ਲਫਜ ਮਜ਼ਹਬ ਨੇ।"

... ... ... ... ... ... ... ... ... ...

"ਦਾਹੜੀ ਰੱਖ ਕੇ ਸੂਰ ਖਾਂਵਦਾ, ਲਬਾਂ ਕਟਾ ਕੇ ਗਾਂ।
ਨਾਲ ਬਹਾਨੇ ਦੋਵੇਂ ਖਾਂਦਾ ਮਜ਼ਹਬ ਏਸ ਦਾ ਨਾਂ।
ਮਜ਼ਹਬ ਏਸ ਦਾ ਨਾਂ, ਏਸ ਜੋ ਦੁਨੀਆਂ ਪਾੜੀ।
ਇਕ ਦੂਜੇ ਦੀ ਦੋਹਾਂ ਧਿਰਾਂ, ਫੜ ਖਿੱਚੀ ਦਾਹੜੀ।
ਕਹਿ ਗੋਧਾ ਸਿੰਘ ਜੱਟ, ਏਸ ਕਈ ਡੋਬੇ ਪੂਰ।
ਲਬਾਂ ਕਟਾ ਕੇ ਗਾਂ ਖਾਂਵਦਾ, ਦਾਹੜੀ ਰੱਖਕੇ ਸੂਰ।"

... ... ... ... ... ... ... ... ... ...

"ਅੱਲਾ ਡਰਦਾ ਸੰਖ ਤੋਂ, ਡਰੇ ਬਾਂਗ ਤੋਂ ਰਾਮ।
ਰਾਮ ਰਾਮ ਤੋਂ ਅੱਲਾ ਜਾਂਦਾ, ਰਾਮ ਨਾਂ ਸੁਣੇ ਸਲਾਮ।
ਰਾਮ ਨਾਂ ਸੁਣੇ ਸਲਾਮ, ਮਜ਼ਹਬ ਦੀ ਸੁਣੋ ਕਹਾਣੀ।
ਹਿੰਦੂ ਮੁਸਲਮਾਨ ਦੋਹਾਂ ਸਿਰ ਪਾਇਆ ਪਾਣੀ।
ਕਹਿ ਗੋਧਾ ਸਿੰਘ ਜੱਟ, ਅਕਲ ਤੇ ਪੈ ਗਿਆ ਪੜਦਾ।
ਡਰੇ ਬਾਂਗ ਤੋਂ ਰਾਮ, ਸੰਖ ਤੋਂ ਅੱਲਾ ਡਰਦਾ।"

... ... ... ... ... ... ... ... ... ...

ਗੋਧਾ ਸਿੰਘ ਜੱਟ ਆਪੇ ਬਣੇ ਰੱਬ ਦੇ ਵਿਚੋਲਿਆਂ ਦੀ ਵੀ ਚੰਗੀ ਖਬਰ ਲੈਂਦਾ ਹੈ—

"ਭਾਈ ਪੁਜਾਰੀ, ਮੌਲਵੀ, ਤਿੰਨੇ ਚਿਤ ਕਠੋਰ।
ਖਾਂਦੇ ਰੱਬੀ ਵੱਢੀਆਂ, ਦਿਨ ਦੀਵੀਂ ਦੇ ਚੋਰ।
ਦਿਨ ਦੀਵੀਂ ਦੇ ਚੋਰ, ਜਦੋਂ ਅਰਦਾਸਾਂ ਕਰਦੇ।
ਦੋ ਸੁਰਗਾਂ ਦੀ ਲਾਰ, ਆਪਣਾ ਖੀਸਾ ਭਰਦੇ।
ਕਹਿ ਗੋਧਾ ਸਿੰਘ ਜੱਟ, ਲੋਭ ਦਿਲ ਭਰਿਆ ਭਾਰੀ।
ਤਿੰਨੇ ਚਿਤ ਕਠੋਰ, ਮੌਲਵੀ ਭਾਈ ਪੁਜਾਰੀ।"

"ਜਿਨ ਮਨਿ ਹੋਰ ਮੁਖ ਹੋਰ" ਜਹੇ ਕਿਰਦਾਰ ਵੀ ਜੱਟ ਹੋਰਾਂ ਦੇ ਨਿਸ਼ਾਨੇ ਤੇ ਹਨ। ਫਕਰ ਹੋਣਾ ਬਹੁਤ ਔਖਾ ਹੈ। ਬਹੁਤੇ ਫੱਕਰ ਦਾ ਬਾਣਾ ਹੀ ਪਾਉਂਦੇ ਹਨ—

"ਉਤੋਂ ਬਾਣਾ ਫੱਕਰ ਦਾ, ਵਿਚੋਂ ਬੁਰਾ ਬਖੀਲ।
ਮਨ ਵਿਚ ਮੈਲ ਫਰੇਬ ਦੀ, ਦਿਲ ਵਿਚ ਬੁਰੀ ਦਲੀਲ।
ਦਿਲ ਵਿਚ ਬੁਰੀ ਦਲੀਲ, ਬਗਲ ਸਮ ਲਾਏ ਸਮਾਧੀ।
ਡੱਡੀ ਮੱਛੀ ਹਜ਼ਮ, ਮਿਲੇ ਜੋ ਜਾਵੇ ਖਾਧੀ।
ਕਹਿ ਗੋਧਾ ਸਿੰਘ ਜੱਟ, ਝੂਠ ਦਾ ਤਣਿਆ ਤਾਣਾ।
ਵਿਚੋਂ ਬੁਰਾ ਬਖੀਲ, ਫਕਰ ਦਾ ਉਤੋਂ ਬਾਣਾ।"

ਗੋਧਾ ਸਿੰਘ ਜੱਟ ਦੀ ਬੋਲੀ ਟਕਸਾਲੀ ਪੰਜਾਬੀ ਹੈ। ਉਸਨੇ ਪੰਜਾਬੀ ਦੇ ਜਿਹੜੇ ਪ੍ਰਚਲਿਤ ਸ਼ਬਦ ਆਪਣੇ ਕਾਵਿ ਵਿਚ ਵਰਤੇ ਹਨ ਉਹ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਮਿਲਦੇ ਸ਼ਬਦਾਂ ਵਰਗੇ ਹਨ। ਉਹਨਾਂ ਦੇ ਸ਼ਬਦ ਭੰਡਾਰ ਵਿਚੋਂ ਸਮੇਂ ਸਥਾਨ ਦੀ ਲੋੜ ਮੁਤਾਬਕ ਆਪਣੇ ਆਪ ਸ਼ਬਦ ਹਾਜ਼ਰ ਹੋ ਜਾਂਦੇ ਹਨ। ਜ਼ਿੰਦਗੀ ਦੀ ਕਠੋਰਤਾ ਨੂੰ, ਪੰਜਾਬ ਦੇ ਕਿਸਾਨ ਦੀ ਟੁੱਟਦੀ ਆਰਥਿਕਤਾ ਨੂੰ, ਕੁਝ ਲੋਕਾਂ ਦੁਆਰਾ ਦੂਜਿਆਂ ਨੂੰ, ਪੌੜੇ ਬਣਾ ਕੇ ਉਪਰ ਉਠਣ ਦੀ ਵਿਰੋਧਾਭਾਸਕ ਸਥਿਤੀ ਨੂੰ, ਆਜ਼ਾਦੀ ਬਾਦ ਉਹਨਾਂ ਬੜੀ ਬਾਰੀਕੀ ਨਾਲ ਵੇਖਿਆ। ਕਾਣੀ ਵੰਡ ਵਧ ਗਈ। ਅਮੀਰ ਗਰੀਬ ਦਾ ਪਾੜਾ ਵੀ ਹੋਰ ਚੌੜੇਰਾ ਹੋ ਗਿਆ। ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਹੋਰਨਾਂ ਬੇਗਣਿਤ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਹਾਲੇ ਸਿਰਜਿਆ ਨਹੀਂ ਗਿਆ। ਰਵਿਦਾਸ ਜੀ ਵਾਲਾ ਬੇਗਮਪੁਰਾ ਅਤੇ ਸਾਡੇ ਮਹਾਨ ਸਤਿਗੁਰੂ ਸਾਹਿਬਾਨ ਵਾਲਾ "ਸੱਭੇ ਸਾਂਝੀ ਵਾਲ ਸਦਾਇਨ" ਵਾਲਾ ਹਲੇਮੀ ਰਾਜ ਅਜੇ ਸਾਧਾਰਨ ਜਨ ਦੀ ਪਹੁੰਚ ਤੋਂ ਦੂਰ ਹੈ। ਗੋਧਾ ਸਿੰਘ ਜੱਟ ਹੋਰਾਂ ਦਾ ਨਵੀਂ ਪੀੜ੍ਹੀ ਨੂੰ ਇਹੋ ਸੰਦੇਸ਼ ਸੀ ਕਿ ਅੰਧ ਵਿਸ਼ਵਾਸ, ਫਿਰਕਾਪ੍ਰਸਤੀ ਅਤੇ ਕਾਣੀ ਵੰਡ ਕਰਨ ਵਾਲੀਆਂ ਤਾਕਤਾਂ ਦੇ ਖਿਲਾਫ ਲੜਦੇ ਰਹਿਣਾ ਹੈ, ਉਦੋਂ ਤੱਕ ਜਦੋਂ ਤੱਕ ਆਪਣੀ ਮੰਜ਼ਿਲ ਨਹੀਂ ਆਉਂਦੀ। ਜਦੋਂ ਤੱਕ ਸੁਰਖ ਸਵੇਰ ਦੀਆਂ ਪਹਿਲੀਆਂ ਕਿਰਨਾਂ ਧਰਤੀ ਤੋਂ ਔਖਾਂ ਥੁੜਾਂ ਅਤੇ ਜ਼ੁਲਮ ਤਸ਼ੱਦਦ ਨੂੰ ਹੂੰਝਾ ਨਹੀਂ ਫੇਰ ਦਿੰਦੀਆਂ। ਆਪਣੀਆਂ ਬਹੁ ਵਿਧਾਵੀ ਕਾਵਿ ਰਚਨਾਵਾਂ ਦੇ ਕਾਰਨ ਵੀ ਗੋਧਾ ਸਿੰਘ ਜੱਟ ਆਉਣ ਵਾਲੇ ਸਮੇਂ ਵਿਚ ਵੀ, ਬੇਸ਼ੱਕ "ਪੰਜਾਬੀ ਕੁੰਡਲੀਏ ਦੇ ਸਿਰਤਾਜ" ਦੇ ਤੌਰ ਤੇ ਵੀ ਜਾਣੇ ਰਹਿਣਗੇ।

*—ਕਰੀਵਾਲਾ (ਸਿਰਸਾ)*
*੧੨੫੦੭੫*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durfies & Carpets**

*in Bright & Fast Colours*

**Manufactuers :**

**Namdhari Sales**

10240/54, Library Road, Azad Market, Delhi-110006





Namdhari Elibrary NamdhariElibrary@gmail.com

# ਸੰਗੀਤ ਸਾਜ਼ਾਂ ਦੀ ਚੋਣ—ਨਾਰੀ ਦ੍ਰਿਸ਼ਟੀਕੋਣ

*—ਗੌਰੀ*

ਪ੍ਰਾਚੀਨ ਕਾਲ ਤੋਂ ਸੰਗੀਤ ਦੇ ਸਾਜ਼ਾ ਦਾ ਬਹੁਤ ਮਹੱਤਵ ਰਿਹਾ ਹੈ। ਗੀਤ ਅਨੁਰੰਜਨ ਲਈ ਵਾਦਨ ਦੀ ਪਰੰਪਰਾ ਅੱਜ ਤੱਕ ਲਗਾਤਾਰ ਚਲੀ ਆ ਰਹੀ ਹੈ। ਵਾਦ ਵਾਦਨ (ਸਾਜ਼ਾਂ ਦੇ ਵਜਾਉਣ) ਵਿਚ ਸੰਗੀਤ ਦੇ ਸੰਪੂਰਨ ਤੱਤ ਸ਼ਾਮਲ ਹਨ। ਸਾਜ਼ਾਂ ਵਿਚ ਸੁਰ ਅਤੇ ਲੈਅ ਦੁਆਰਾ ਬਿਨਾ ਕਿਸੇ ਹੋਰ ਸਹਾਇਕ ਕਲਾ ਤੋਂ ਸ੍ਰੋਤਿਆਂ ਨੂੰ ਮੰਤਰ ਮੁਗਧ ਕਰਕੇ ਕਲਾਮਈ ਰਸਾਸਵਾਦਨ ਕਰੋਣ ਦੀ ਅਪੂਰਵ ਸਮਰਥਾ ਹੈ। ਪੁਰਾਣੇ ਸਮਿਆਂ ਤੋਂ ਹੀ ਸੰਗੀਤ ਦੇ ਕਲਾਤਮਿਕ ਪ੍ਰਗਟਾਵੇ ਲਈ ਚਾਰ ਪ੍ਰਕਾਰ ਦੇ ਸਾਜ਼ਾਂ ਦੀ ਵਰਤੋਂ ਹੁੰਦੀ ਸੀ। ਵੈਦਿਕ ਯੁੱਗ ਵਿਚ ਤੰਤੀ ਸਾਜ਼ਾਂ ਵਿਚ ਵੀਣਾ ਦਾ ਸਭ ਤੋਂ ਮਹੱਤਵਪੂਰਨ ਸਥਾਨ ਸੀ। ਅਵਨਦ (ਚਮੜੇ ਵਾਲੇ) ਸਾਜ਼ਾਂ ਵਿਚੋਂ ਦੁੰਦੁਭਿ ਅਤੇ ਭੂਮਿ ਦੁੰਦੁਭਿ ਸਾਜ਼ਾ ਦਾ ਪਰਚਾਰ ਸੀ। ਸੁਸ਼ਿਰ (ਹਵਾ ਵਾਲੇ) ਸਾਜ਼ਾਂ ਵਿਚ ਸੰਖ ਅਤੇ ਬੰਸਰੀ ਦਾ ਸਥਾਨ ਸਭ ਤੋ ਉਪਰ ਸੀ ਅਤੇ ਘਣ ਸਾਜ਼ਾਂ ਦੇ ਅੰਤਰਗਤ ਲੈਅ ਸੰਬੰਧੀ ਸਾਜ਼ ਮੰਜੀਰਾਂ, ਛੈਣੇ, ਖੜਤਾਲਾਂ ਝਾਂਜਰਾਂ ਆਦਿ ਆਉਂਦੇ ਹਨ।

ਬਹੁਤ ਸਾਰੇ ਸਾਜ਼ਾਂ ਦਾ ਇਕੱਠਾ ਵਾਦਨ ਪ੍ਰਾਚੀਨ ਕਾਲ ਤੋਂ ਹੀ ਚਲਿਆ ਆ ਰਿਹਾ ਹੈ ਅਤੇ ਇਸ ਵਰਿੰਦ-ਵਾਦਨ (ਸਮੂਹ ਵਾਦਨ) ਵਿਚ ਔਰਤਾਂ ਦੇ ਯੋਗਦਾਨ ਦਾ ਪ੍ਰਮਾਣ ਵੱਖ-ਵੱਖ ਗ੍ਰੰਥਾਂ ਵਿਚ ਮਿਲਦਾ ਹੈ। ਸ਼ਿਵ ਪ੍ਰਦੋਸ਼ ਸਤੋਂਗ ਵਿਚ ਉਲੇਖ ਹੈ ਕਿ ਜਦੋਂ ਭਗਵਾਨ ਸ਼ੰਕਰ ਨ੍ਰਿਤ ਕਰਦੇ ਸਨ ਉਸ ਸਮੇਂ ਸਰਸਵਤੀ ਵੀਣਾ ਵਜਾਉਂਦੀ ਸੀ। ਇੰਦਰ ਵੇਨੂ (ਬੰਸਰੀ) ਵਜਾਉਂਦਾ ਸੀ, ਬ੍ਰਹਮਾ ਅਤੇ ਵਿਸ਼ਨੂੰ ਕਰਤਾਲ ਵਜਾਉਂਦੇ ਸਨ ਅਤੇ ਲਕਸ਼ਮੀ ਗੀਤ ਗਾਉਂਦੀ ਸੀ।[1]

ਵੈਦਿਕ ਕਾਲ ਤੋਂ ਹੀ ਗਾਇਨ, ਵਾਦਨ ਅਤੇ ਨ੍ਰਿਤ ਵਿਚ ਨਾਰੀਆਂ ਦੀ ਰੁਚੀ ਦਾ ਵਰਣਨ ਮਿਲਦਾ ਹੈ। ਨਾਰੀਆਂ ਦੇ ਵਾਦ ਵਾਦਨ (ਸਾਜ਼ ਵਜਾਉਣ) ਦੀ ਵਿਵੇਚਨਾ (ਨਖੇੜੇ) ਨੂੰ ਅਸੀਂ ਤਿੰਨ ਕਾਲ-ਭਾਗ ਵਿਚ ਵੰਡ ਸਕਦੇ ਹਾਂ।

੧. ਵੈਦਿਕ ਕਾਲ ੨. ਮੱਧ ਕਾਲ ੩. ਆਧੁਨਿਕ ਕਾਲ

੧. ਵੈਦਿਕ ਕਾਲ—ਵੈਦਿਕ ਕਾਲ ਵਿਚ ਨ੍ਰਿਤ ਅਤੇ ਗੀਤਾਂ ਦੀ ਸੰਗਤ ਦੇ ਲਈ ਵੀਣਾ, ਮ੍ਰਿਦੰਗ ਆਦਿ ਸਾਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਰਮਾਇਣ, ਮਹਾਭਾਰਤ, ਹਰਿਵੰਸ਼ ਆਦਿ ਵਿਚ ਵਿਸ਼ੇਸ਼ ਅਵਸਰ ਅਨੁਕੂਲ ਸਾਜ਼ਾਂ ਦੇ ਉਪਯੋਗ ਬਾਰੇ ਦੱਸਿਆ ਗਿਆ ਹੈ। ਯੱਗ ਦੇ ਅਵਸਰ ਤੇ ਸਾਮ ਗਾਨ ਦੇ ਨਾਲ ਦਸ ਪ੍ਰਕਾਰ ਦੀਆਂ ਵੀਣਾਵਾਂ ਦਾ ਸਮੂਹ ਵਾਦਨ ਹੁੰਦਾ ਸੀ। ਇਹਨਾਂ ਵਾਦ ਵਰਿੰਦਾਂ ਵਿਚ ਔਰਤਾਂ ਵੀ ਵੀਣਾ ਵਜਾਉਂਦੀਆਂ ਸਨ।

ਪ੍ਰਾਚੀਨ ਗੁਫਾਵਾਂ ਦੇ ਸ਼ਿਲਪ, ਭਿਤੀ ਚਿੱਤਰਾਂ ਅਤੇ ਅਜੰਤਾ ਦੀ ਗੁਫਾਵਾਂ ਵਿੱਚ ਵੀ ਕੁਝ ਮਹਿਲਾਵਾਂ ਨੂੰ ਨ੍ਰਿਤ ਕਰਦੇ ਹੋਏ ਤੇ ਬਾਕੀ ਮਹਿਲਾਵਾਂ ਨੂੰ ਵਰਿੰਦ-ਵਾਦਨ ਕਰਦੇ ਹੋਏ ਦੱਸਿਆ ਗਿਆ ਹੈ। ਅਮਰਾਵਤੀ ਦੇ ਇਕ ਮੰਦਰ ਵਿਚ ਇਸ ਸ਼ਿਲਪ ਵਿਚ ੧੮ ਨਾਰੀ ਵਾਦਿਕਾਵਾਂ ਦਾ ਚਿੱਤਰਣ ਹੈ। ਇਹਨਾਂ ਉਦਾਹਰਣਾਂ ਤੋਂ ਇਹ ਕਲਪਨਾ ਅਸਾਨੀ ਨਾਲ ਕੀਤੀ ਜਾ ਸਕਦੀ ਹੈ ਕਿ ਔਰਤਾਂ ਦੀ ਰੁਚੀ ਸਾਜ਼ ਵਜਾਉਣ ਵਿਚ ਪ੍ਰਾਚੀਨ ਕਾਲ ਤੋਂ ਹੀ ਚਲੀ ਆ ਰਹੀ ਹੈ।

ਕੇਵਲ ਭਾਰਤ ਵਿਚ ਹੀ ਨਹੀਂ ਬਲਕਿ ਦੂਸਰੇ ਦੇਸ਼ਾਂ ਵਿਚ ਵੀ ਬੀਬੀਆਂ ਨੇ ਸਾਜ਼ਾਂ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਸ੍ਰੀਮਤੀ ਕ੍ਰਿਸ਼ਨਾ ਬਿਸ਼ਟ ਨੇ ਆਪਣੇ ਲੇਖ ਵਿਚ ਇਸਤਰਿਆਂ ਦੀ ਪ੍ਰਾਚੀਨਤਮ ਸੰਗੀਤਿਕ ਗਤੀਵਿਧੀਆਂ ਤੇ ਪ੍ਰਕਾਸ਼ ਪਾਇਆ ਹੈ।

ਸੰਨ ੮੮੩-੮੫੯ ਈ. ਪੂ. ਵਿਚ ਅਸ਼ੂਰ ਨਾਸਿਰਪਾਲ ਦੇ ਦਰਬਾਰ ਵਿਚ ਗਾਇਨ ਹੋਇਆ ਕਰਦਾ ਸੀ। ਜਿਸ ਵਿਚ ਨਾਰੀ ਸੰਗੀਤਕਾਰ ਵੀ ਸਨ। ਮੈਸੋਪੋਟਾਮਿਆ ਵਿਚ ਅਨੇਕ ਮੰਦਰ ਸਨ ਜਿਥੇ ਪੁਰੋਹਿਤਾਂ ਦੀ ਇਕ ਨਿਸ਼ਚਿਤ ਸੰਖਿਆਂ ਹੁੰਦੀ ਸੀ ਜੋ ਸੰਗੀਤਕਾਰ ਵੀ ਸਨ ਅਤੇ ਉਹਨਾਂ ਦੇ ਨਾਲ ਨਾਰੀ ਸੰਗੀਤਕਾਰ ਵੀ ਸਨ। ਇਕ ਸੰਕੇਤ ਮਿਲਦਾ ਹੈ ਕਿ ਔਰਤਾਂ ਵਾਦ ਯੰਤਰ (ਸਾਜ਼) ਵਜਾਉਂਦੀਆਂ ਸਨ। ਇਸਤਰੀ ਪੁਰੋਹਿਤ ਅਕਸਰ ਅੰਗਰੇਜ਼ੀ ਅਖਰ 'ਯੂ' ਅਕਾਰ ਦੀ ਲਕੜੀ ਦੇ ਤੰਤੀ ਵਾਦ ਵਜਾਉਂਦੀਆਂ ਸਨ। ਅਰਬ ਦੀ 'ਉਬੈਦਾ' ਪ੍ਰਸਿੱਧ ਤੂੰਬੂਰ ਵਾਦਿਕਾ ਸੀ। ਚੀਨੀ ਯੁਵਤੀਆਂ ਉਸ ਪ੍ਰਾਚੀਨ ਕਾਲ ਵਿਚ ਕੁਸ਼ਲ ਵਾਦਿਕਾਵਾਂ ਸਨ। ਕੁਮਾਰੀ 'ਸੂ' ਅੱਛੀ ਤੰਤਰ ਵਾਦਿਕਾ ਸੀ। ਉਹ 'ਸ਼' ਨਾਮਕ ਪੰਜਾਹ ਤਾਰਾਂ ਵਾਲੇ ਤੰਤਰੀ ਸਾਜ਼ ਨੂੰ ਵਜਾਉਣ ਵਿਚ ਨਿਪੁਨ ਸੀ। ਭਾਰਤ ਵਿਚ ਵੀ ਵੈਦਿਕ ਕਾਲ ਦੇ ਵਿਚ ਉੱਚ ਅਤੇ ਨਿਮਨ ਵਰਗ ਦੀਆਂ ਮਹਿਲਾਵਾਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੀਆਂ ਸਨ। ਉਹ ਸਾਜ਼ ਵਜਾਉਣ ਵਿਚ ਭਾਗ ਲੈਂਦੀਆਂ ਸਨ। 'ਅਘਾਰੀ', 'ਪਿਛੋਲਾ' ਆਦਿ ਵੈਦਿਕ ਸਾਜ਼ ਨਾਰੀਆਂ ਕੁਸ਼ਲਤਾਪੂਰਵਕ ਵਜਾਉਂਦੀਆਂ ਸਨ। ਯਜਮਾਨ ਪਤਨੀਆਂ 'ਉਪਗਾਨ' ਦੇ ਨਾਲ ਵੱਖ-ਵੱਖ ਸਾਜ਼ਾਂ ਦਾ ਉਪਵਾਦਨ ਕਰਦੀਆਂ ਸਨ।[2]

— — — — — — — — — — — — — — — —

੧. ਹਿੰਦੀ ਤੋਂ ਅਨੁਵਾਦ। ਪੁਨੀਤ ਵੈਦ ਕੁਮਾਰੀ ਰਸ ਮੁਖੀ ਅੰਤਰਜਾਤੀ ਭਾਰਤੀਅ ਵਰਿੰਦ ਵਾਦਨ ਕੀ ਗਤੀਵਿਧੀਆਂ ਔਰ ਉਸਕਾ ਭਵਿਸ਼ਯ, ਸੰਗੀਤ ਪੱਤ੍ਰਿਕਾ ਹਿੰਦੀ ਅਕਤੂਬਰ ੧੯੮੨ ਪੰਨਾ ੭

੨. ਕ੍ਰਿਸ਼ਨਾ ਬਿਸ਼ਟ ਪ੍ਰਾਚੀਨ ਸੰਗੀਤ ਮੇਂ ਨਾਰੀ, ਮਹਿਲਾ ਸੰਗੀਤ ਅੰਕ, ਹਿੰਦੀ ਪੱਤ੍ਰਿਕਾ, ੧੯੮੬ ਪੰਨਾ ੧੦੪ ਤੋਂ ਅਨੁਵਾਦਤ



Namdhari Elibrary NamdhariElibrary@gmail.com

੨. ਮੱਧ ਕਾਲ—ਮੱਧ ਕਾਲ ਦੇ ਵਿਚ ਮੁਸਲਮਾਨਾਂ ਦੇ ਆਉਣ ਨਾਲ ਔਰਤਾਂ ਨੂੰ ਸਾਜ ਸੰਗੀਤ ਦੀ ਸਿੱਖਿਆ ਅਤੇ ਸੰਗੀਤ ਵਿਚ ਭਾਗ ਲੈਣ ਤੋਂ ਵੰਚਿਤ ਕਰ ਦਿੱਤਾ ਗਿਆ।

੩. ਆਧੁਨਿਕ ਕਾਲ—ਸਵਤੰਤਰਤਾ ਪ੍ਰਾਪਤੀ ਤੋਂ ਬਾਅਦ ਸੰਗੀਤ ਦੇ ਖੇਤਰ ਵਿਚ ਨਾਰੀਆਂ ਦੇ ਅਨੁਪਾਤ ਵਿਚ ਵਾਧਾ ਹੋਇਆ। ਅੱਜ ਸੰਗੀਤ ਦੇ ਖੇਤਰ ਵਿਚ ਆਂਕੜਿਆਂ ਦੇ ਆਧਾਰ ਤੇ ਇਹ ਪਤਾ ਚਲਦਾ ਹੈ ਕਿ ਸੰਗੀਤ ਨਾਲ ਜੁੜੇ ਨਾਰੀ ਅਤੇ ਪੁਰਸ਼ਾਂ ਵਿਚ ੩:੨ ਦਾ ਅਨੁਪਾਤ ਹੈ। ਅਰਥਾਤ ਸੰਗੀਤ ਸਿੱਖਿਆ ਖੇਤਰ ਵਿਚ ਔਰਤਾਂ ਜ਼ਿਆਦਾ ਹਨ।

ਪਰ ਇਕ ਤੱਥ ਵੀ ਵਿਚਾਰ ਕਰਨ ਯੋਗ ਹੈ ਕਿ ਸੰਗੀਤ ਦੇ ਗਾਇਨ ਅਤੇ ਸਿਤਾਰ ਵਾਦਨ ਵਿਚ ਹੀ ਔਰਤਾਂ ਦੀ ਰੁਚੀ ਜ਼ਿਆਦਾ ਰਹੀ ਹੈ। ਦੂਸਰੇ ਤੰਤੀ ਸਾਜ਼ਾ ਅਤੇ ਅਵਨਦ ਸਾਜ਼ਾਂ (ਚਮੜੇ ਵਾਲੇ ਸਾਜ਼ਾਂ) ਵਿਚ ਔਰਤਾਂ ਦੀ ਗਿਣਤੀ ਘਟ ਹੀ ਹੈ। ਅਤੇ ਇਸ ਘਟ ਗਿਣਤੀ ਦੇ ਮੂਲ ਕਾਰਣ ਵੀ ਕੁਝ ਇਸ ਤਰ੍ਹਾਂ ਹਨ।

੧. ਲਗਭਗ ਸਾਰੇ ਵਿਸ਼ਵ ਵਿਦਿਆਲਿਆਂ, ਮਹਾਂਵਿਦਿਆਲਿਆਂ ਦੇ ਪਾਠਕ੍ਰਮ ਵਿਚ ਸੰਗੀਤ ਇਕ ਵਿਸ਼ੇ ਰੂਪ ਵਿਚ ਹੈ, ਜਿਸ ਵਿਚ ਜ਼ਿਆਦਾ ਤਰ ਗਾਇਨ ਅਤੇ ਸਿਤਾਰ ਵਾਦਨ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ। ਇਹ ਸਥਿਤੀ ਲਗਭਗ ਸਾਰੇ ਪ੍ਰਦੇਸ਼ਾਂ ਦੇ ਸਿੱਖਿਆ ਸੰਸਥਾਨਾਂ ਵਿਚ ਹੈ। ਅੱਜ ਦੇ ਲਗਭਗ ਸਾਰੇ ਪਬਲਿਕ ਸਕੂਲਾਂ ਵਿਚ ਅਤੇ ਮਾਧਮਿਕ (ਸੀਨੀਅਰ ਸੈਕੰਡਰੀ) ਸਕੂਲਾਂ ਵਿਚ ਗਾਇਨ ਅਤੇ ਸਿਤਾਰ ਵਾਦਨ ਦੋ ਹੀ ਐਛਿਕ (ਇਲੈਕਟਿਵ) ਵਿਸ਼ੇ ਦੇ ਰੂਪ ਵਿਚ ਵੀ ਉਪਲਬਧ ਹਨ ਇਸ ਲਈ ਦੂਸਰੇ ਸਾਜ਼ਾਂ ਵਲ ਜਾਣਾ ਤੇ ਉਨ੍ਹਾਂ ਨੂੰ ਵਿਸ਼ੇ ਰੂਪ ਵਿਚ ਲੈਣਾ ਅਸੰਭਵ ਹੈ।

੨. ਗਾਇਨ ਅਤੇ ਸਿਤਾਰ ਦੀ ਸਿੱਖਿਆ ਪ੍ਰਾਪਤ ਕਰਕੇ ਬੀਬੀਆਂ ਆਪਣੇ ਘਰ ਵਿਚ ਹੀ ਸਿਖਾਉਣ ਦਾ ਕਾਰਜ ਕਰ ਸਕਦੀਆਂ ਹਨ। ਦੂਸਰੇ ਸਾਜ਼ਾਂ ਨੂੰ ਸਿਖਾਉਣ ਦੇ ਲਈ ਉਨ੍ਹਾਂ ਨੂੰ ਵਿਦਿਆਰਥੀ ਮਿਲਣ ਦੀ ਸੰਭਾਵਨਾ ਵੀ ਨਹੀਂ ਹੁੰਦੀ।

੩. ਕੋਈ ਵੀ ਨਾਰੀ ਉਨ੍ਹਾਂ ਵਿਸ਼ਿਆਂ ਦੀ ਹੀ ਚੋਣ ਕਰਦੀ ਹੈ ਜਿਸ ਨਾਲ ਉਸਦਾ ਭਵਿੱਖ ਉੱਜਵਲ ਹੋ ਸਕੇ ਜਿਸ ਨਾਲ ਸਨਮਾਨਪੂਰਵਕ ਜੀਵਿਕਾ ਅਰਜਿਤ ਕਰ ਸਕੇ। ਦੂਸਰੇ ਸਾਜ਼ ਸਿੱਖਣ ਦੇ ਨਾਲ ਮਹਿਲਾਵਾਂ ਨੂੰ ਆਪਣਾ ਭਵਿੱਖ ਅਸੁਰੱਖਿਅਤ ਹੋ ਜਾਣ ਦਾ ਡਰ ਰਹਿੰਦਾ ਹੈ।

੪. ਦੂਸਰੇ ਸਾਜ਼ਾਂ ਦੀ ਸਿੱਖਿਆ ਪ੍ਰਾਪਤ ਕਰਨ ਨਾਲ ਨਾ ਤਾਂ ਉਨ੍ਹਾਂ ਨੂੰ ਕਿਸੇ ਸਿੱਖਿਆ ਸੰਸਥਾ ਰੇਡਿਓ, ਟੀ.ਵੀ. ਆਦਿ ਵਿਚ ਨੌਕਰੀ ਮਿਲਣ ਦੀ ਆਸ ਹੁੰਦੀ ਹੈ ਅਤੇ ਨਾ ਹੀ ਮੰਚ ਤੇ ਕੋਈ ਪ੍ਰੋਗਰਾਮ ਮਿਲਣ ਦੀ ਸੰਭਾਵਨਾ ਹੁੰਦੀ ਹੈ।

੫. ਸਿਤਾਰ ਵਾਦਨ ਤੋਂ ਇਲਾਵਾ ਦੂਸਰੇ ਸਾਜ਼ਾਂ ਜਿਵੇਂ ਕਿ ਸਰੋਦ, ਸਾਰੰਗੀ ਆਦਿ ਦੇ ਕੁਝ ਗਿਣੇ ਚੁਣੇ ਵਾਦਕ ਹੀ ਹਨ। ਅਰਥਾਤ ਇਨ੍ਹਾਂ ਦੇ ਸਿੱਖਿਆਕਾਰ ਘੱਟ ਹੋਣ ਕਾਰਨ ਅਤੇ ਜੋ ਹਨ ਉਹ ਘਰਾਨੇ ਨਾਲ ਸੰਬੰਧਤ ਹਨ ਅਤੇ ਔਰਤਾਂ ਉਨ੍ਹਾਂ ਦੇ ਪਿੱਛੇ-ਪਿੱਛੇ ਘੁੰਮ ਭਟਕ ਨਹੀ ਸਕਦੀਆਂ। ਜਦਕਿ ਸਿਤਾਰ ਸਿਖਾਉਣ ਦੇ ਕਲਾਕਾਰ ਅਤੇ ਸਿੱਖਿਆਕਾਰ ਬਹੁਤ ਹਨ।

੬. ਤਬਲਾ ਵਾਦਨ ਦੇ ਖੇਤਰ ਵਿਚ ਵੀ ਮਹਿਲਾਵਾਂ ਦੇ ਘਟ ਪ੍ਰਵੇਸ਼ ਹੋਣ ਦੇ ਕੁਝ ਮੂਲ ਕਾਰਨ ਹਨ। ਜਿਵੇਂ ਕਿ ਜਿਨਾ ਸਮਾਂ ਸਿਤਾਰ ਵਜਾਉਣ ਦੀ ਸਿੱਖਿਆ ਪ੍ਰਾਪਤ ਕਰਨ ਨੂੰ ਲਗਦਾ ਹੈ ਉਨ੍ਹਾਂ ਹੀ ਸਮਾਂ ਤਬਲਾ ਵਾਦਨ ਦੀ ਸਿੱਖਿਆ ਪ੍ਰਾਪਤ ਕਰਨ ਨੂੰ ਲਗਦਾ ਹੈ। ਸਿਤਾਰ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਡਿਗਰੀ ਪ੍ਰਾਪਤ ਕਰਕੇ ਔਰਤਾਂ ਮਹਾਂ ਵਿਦਿਆਲਿਆਂ, ਵਿਸ਼ਵ ਵਿਦਿਆਲਿਆਂ ਅਤੇ ਮਾਧਮਿਕ ਵਿਦਿਆਲਿਆਂ ਵਿਚ ਪ੍ਰਧਿਆਪਿਕਾ ਦੇ ਰੂਪ ਵਿਚ ਨਿਯੁਕਤ ਹੋ ਸਕਦੀਆਂ ਹਨ। ਜਦਕਿ ਤਬਲੇ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਮਾਤਰ ਤਬਲਾ ਵਾਦਕ ਦੇ ਪੱਦ ਤੇ ਨਿਯੁਕਤੀ ਪਾ ਸਕਦੀਆਂ ਹਨ। ਪ੍ਰਾਧਿਆਪਕ ਅਤੇ ਤਬਲਾ ਵਾਦਕ ਦੇ ਵੇਤਨਮਾਨ ਵਿਚ ਵੀ ਬਹੁਤ ਅੰਤਰ ਹੈ।

ਸੰਗੀਤ ਸਿੱਖਿਆ ਸੰਸਥਾਵਾਂ ਵਿਚ ਵਾਦਨ ਦੇ ਖੇਤਰ ਵਿਚ ਜ਼ਿਆਦਾ ਤਰ ਸਿਤਾਰ ਦੀ ਸਿੱਖਿਆ ਪ੍ਰਾਧਿਆਪਕਾਂ ਦੁਆਰਾ ਦਿੱਤੀ ਜਾਂਦੀ ਹੈ। ਜਦਕਿ ਤਬਲੇ ਦੇ ਪ੍ਰਧਿਆਪਕ ਦਾ ਕੋਈ ਸਥਾਨ ਨਹੀਂ ਹੈ। ਸਿਤਾਰ ਵਾਦਨ ਦੇ ਪ੍ਰਧਿਆਪਕਾਂ ਦੀ ਸਥਿਤੀ ਤਬਲਾ ਵਾਦਕ ਦੀ ਸਥਿਤੀ ਤੋਂ ਉੱਚੀ ਹੁੰਦੀ ਹੈ।

ਸਿਤਾਰ ਵਾਦਨ ਦੇ ਖੇਤਰ ਵਿਚ ਨੌਕਰੀ ਆਦਿ ਮਿਲਣ ਦੀ ਸੰਭਾਵਨਾ ਅਤੇ ਜ਼ਿਆਦਾ ਸਨਮਾਨਜਨਕ ਪਦ ਵੀ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਤਬਲਾ ਸਾਜ਼ ਦੀ ਸਿੱਖਿਆ ਸੰਸਥਾਨਾਂ ਤੋਂ ਨਾ ਪ੍ਰਾਪਤ ਹੋਣ ਕਰਕੇ ਅਲੱਗ ਤੋਂ ਗੁਰੂਆਂ ਕੋਲੋਂ ਲੈਣੀ ਪੈਂਦੀ ਹੈ ਜਿਹੜੀ ਕਿ ਔਰਤਾਂ ਲਈ ਸੁਵਿਧਾਜਨਕ ਨਹੀਂ ਹੈ।

ਇਹ ਕੁਝ ਮੂਲ ਕਾਰੰਨ ਹੁਣ ਕਿ ਮਹਿਲਾਵਾਂ ਤਬਲਾ ਅਤੇ ਹੋਰ ਦੂਸਰੇ ਸਾਜ਼ਾਂ ਦੀ ਜਗਾ ਸਿਤਾਰ ਵਾਦਨ ਵਿਸ਼ਾ ਲੈਣ ਲਈ ਪ੍ਰੇਰਿਤ ਹੁੰਦੀਆਂ ਹਨ।

ਅੱਜ ਅਨੇਕ ਸੰਗੀਤ ਸੰਸਥਾਵਾਂ ਵਿਚ ਮਹਿਲਾਵਾਂ ਕੁਝ ਦੂਸਰੇ ਸਾਜ਼ਾਂ ਦੀ ਸਿੱਖਿਆ ਵੀ ਲੈ ਰਹੀਆਂ ਹਨ ਅਤੇ ਆਸ ਕਰਦੇ ਹਾਂ ਕਿ ਔਰਤਾਂ ਦੂਸਰੇ ਸਾਜ਼ਾਂ ਨੂੰ ਸਿੱਖ ਕੇ ਵੀ ਆਪਣਾ ਸੰਗੀਤ ਖੇਤਰ ਵਿਚ ਇਕ ਅਲੱਗ ਸਥਾਨ ਬਨਾਉਣਗੀਆਂ।



Namdhari Elibrary NamdhariElibrary@gmail.com

# ਇੱਜ਼ਤਦਾਰ ਮੰਗਤੇ

*(ਸਾਹਿਤਕਾਰ ਮੰਗਤਾ ਤੇ ਪੱਤਰਕਾਰੀ ਦਾ ਆਧਾਰ ਦੌਲਤ)*

*—ਸੁਰਜੀਤ ਸਿੰਘ ਜੀਤ (ਲੰਡਨ)*

ਇਕ ਲੇਖਕ ਦੀ ਜੀਵਨ ਜੋਤ ਵਿਚ ਆਸ ਦੀ ਬੱਤੀ ਚਮਕੀ, ਵਾਤਾਵਰਨ ਦੇ ਸੇਕ ਨੇ ਇਸ 'ਬੱਤੀ ਦੀ ਕਿਰਨ ਨੂੰ' ਝੰਜੋੜਿਆ ਤੇ ਸਾੜਿਆ ਹੋਇਆ ਸੀ, ਪਰ ਫਿਰ ਵੀ ਇਹ ਬਾਹਰੀ ਰੂਪ-ਸ਼ਿੰਗਾਰ ਨਾਲ ਲਟ-ਲਟ ਮਚ ਰਹੀ ਸੀ। ਇਸ ਕਿਰਨ ਦੀ ਦਿਖ ਚਮਕਦਾਰ ਬਹੁਤ ਸੀ, ਇਸ ਵਿਚ ਲੁਕੀਆਂ ਚਲਾਕੀਆਂ ਅਤੇ ਨਖਰੀਲੀਆਂ ਅਦਾਵਾਂ ਨੇ ਲੇਖਕ ਨੂੰ ਬੜੀ ਖਿੱਚ ਪਾਈ। ਉਸ ਦੀ ਬੁਝਦੀ ਜੀਵਨ ਜੋਤ ਫਿਰ ਜਗਮਗਾਈ, ਜ਼ਿੰਦਗੀ ਜੀਊਣ ਦੇ ਚਾਅ ਮਲਾਰਾਂ ਨੇ ਪ੍ਰੇਰਣਾ ਦਿੱਤੀ। ਲੇਖਕ ਹਾਲੇ ਆਪਣੇ ਖਿਆਲਾਂ ਦੇ ਮਹੱਲ ਹੀ ਉਸਾਰ ਰਿਹਾ ਸੀ, ਇਕੋ ਝਟਕੇ ਨਾਲ ਬੱਤੀ ਅਲੋਪ ਹੋ ਗਈ। ਲੇਖਕ ਨੂੰ ਪਤਾ ਲੱਗਿਆ ਕਿ ਉਸ ਬੱਤੀ ਨੂੰ (ਤੇਲ ਦਾ ਪੀਪਾ) ਤਜੌਰੀ ਸਮਝ ਹੱਥ ਪਾਇਆ ਸੀ। ਜਦੋਂ ਇਹ ਖਾਲੀ ਪੀਪੇ ਦਾ ਤੇਲ ਉਸ ਦੀ ਕਿਰਨ ਨੂੰ ਚਮਕਾ ਨਾ ਸਕਿਆ ਤਦ ਉਹ ਇਕੋ ਗਰੀਬੀ ਦੇ ਝਟਕੇ ਨਾਲ ਖਾਲੀ ਦੀਵੇ ਦੀ ਜੋਤ ਵਾਂਗ ਬੁਝ ਗਈ। ਲੇਖਕ ਫਿਰ ਬੈਠ ਕਾਗਜ਼ ਕਾਲੇ ਕਰਨ ਲੱਗ ਪਿਆ। ਬਹੁਤ ਸਾਰੇ ਕਾਗਜ਼ ਲਿਖ, ਵਾੜ ਆਖਰ ਕੁਝ ਕਾਗਜ਼ਾਂ ਨੂੰ ਇਕੱਠੇ ਕਰ ਪੜ੍ਹਨ ਲਗ ਪਿਆ। ਪਹਿਲੇ ਕਾਗਜ਼ ਤੋਂ ਹੀ ਉਸ ਨੇ ਕਹਾਣੀ ਪੜ੍ਹਨੀ ਸ਼ੁਰੂ ਕੀਤੀ—

'ਸਾਹਿਤਕ ਪੱਤਰਕਾਰੀ ਮੰਗਤਿਆਂ ਵਾਲਾ ਕੰਮ ਹੈ।'

'ਨਹੀਂ ਯਾਰ! ਪੱਤਰਕਾਰੀ ਦੇ ਰੁਝਾਣ ਵਿਚ ਤਾਂ ਲੋਕ ਕਰੋੜਪਤੀ ਬਣ ਗਏ ਹਨ।'

'ਪਹਿਲਾਂ ਤਾਂ ਮੰਗਤਾ ਬਨਣਾ ਪੈਂਦਾ ਹੈ।'

'ਸਾਹਿਤਕਾਰ ਨੂੰ ਵੀ ਪਹਿਲਾਂ ਮੰਗਤਾ ਬਨਣਾ ਪੈਂਦਾ ਹੈ, ਜੇ ਉਹ ਪੱਤਰਕਾਰੀ ਵਿਚ ਪੈ ਜਾਵੇ। ਫਿਰ ਉਹ ਜ਼ਾਹਿਰ ਤੌਰ ਤੇ ਬਿਨਾਂ ਹੱਥ ਫੈਲਾਇਆਂ ਬਹੁਤ ਕੁਝ ਪਾ ਲੈਂਦੇ ਹਨ।'

'ਜੇ ਤੁਹਾਡੇ ਪੱਲੇ ਕੁਝ ਹੋਵੇਗਾ ਤਦ ਹੀ ਮੰਗਣ ਜਾਉਗੇ, ਫਿਰ ਹੀ ਅਗਲਾ ਤੁਹਾਨੂੰ ਕੁਝ ਦੇਵੇਗਾ।'

'ਜੇ ਪੱਲਾ ਹੀ ਭਰਿਆ ਹੋਇਆ ਹੈ, ਫਿਰ ਮੰਗਤਾ ਬਨਣ ਦੀ ਕੀ ਜ਼ਰੂਰਤ ਹੈ ?'

'ਕਾਸੇ ਲਈ ਵੀ ਖਰਚ ਕਰਨਾ ਪੈਂਦਾ ਹੈ, ਮੰਗਣ ਲਈ ਗੁਰਦਾ ਮਜ਼ਬੂਤ ਕਰਨ ਲਈ ਪੇਟ ਵੀ ਭਰਨਾ ਪੈਂਦਾ ਹੈ। ਮੰਗਤੇ ਹੱਥ ਕਾਸਾ ਹੁੰਦਾ ਹੈ, ਖਾਲੀ ਪੇਟ ਉਹ ਮੰਗ ਵੀ ਨਹੀਂ ਸਕਦਾ।'

'ਮੰਗਤੇ ਦੇ ਕਾਸੇ ਅਤੇ ਮੁਰਦੇ ਨਾਲੋਂ ਸਾਹਿਤਕਾਰਾਂ ਪੱਤਰਕਾਰਾਂ ਦੇ ਕਾਸੇ ਵਿਚ ਬਹੁਤ ਫਰਕ ਹੁੰਦਾ ਹੈ। ਇਨ੍ਹਾਂ ਦਾ ਕਾਸਾ ਵਿਚਾਰਾਂ ਦੀ ਚਮਕ-ਦਮਕ ਨਾਲ ਭਰਿਆ ਹੁੰਦਾ ਹੈ, ਨਾਲੇ ਉਹ ਸਮਝਦੇ ਹਨ ਕਿ ਉਹ ਕੋਈ ਲੁਕ ਲੁਕਾ ਕੇ, ਵੱਲ-ਵੱਲ ਕਰਕੇ ਨਹੀਂ, ਸਗੋਂ ਮਿਹਨਤ ਦਾ ਇਵਜ਼ਾਨਾ ਮੰਗਦੇ ਹਨ।'

'ਦੁਨੀਆਂ ਦੀ ਨਜ਼ਰ ਵਿਚ ਤਾਂ ਉਹ ਮੰਗਤਾ ਹੀ ਹੁੰਦਾ ਹੈ।'

'ਇਸੇ ਸ਼ਰਮ ਦਾ ਮਾਰਿਆ ਸਾਹਿਤਕਾਰ-ਪੱਤਰਕਾਰ ਸਾਰੀ ਉਮਰ ਭੁੱਖਾ ਮਰਦਾ ਹੈ। ਜੇ ਉਹ ਆਪਣੇ ਕਾਸੇ ਨੂੰ ਚਮਕੀਲਾ, ਭੜਕੀਲਾ ਅਤੇ ਅਕਰਸ਼ਤ ਬਣਾ ਲਵੇ ਤਦ ਦੁਨੀਆਂ ਉਸ ਦੇ ਕਾਸੇ ਨੂੰ ਕਾਸਾ ਨਾ ਸਮਝ ਇਕ ਕਿੱਤਾ ਅਤੇ ਉਸਾਰੂ ਸਮਾਜ ਦਾ ਉਸਰਈਆ ਸਮਝ ਉਸ ਦੀ ਮੰਦਹਾਲੀ ਦੀ ਕਾਲਖ ਨੂੰ ਧੋ, ਆਪਣੀ ਦੌਲਤ ਨਾਲ ਕਾਸਾ ਹੋਰ ਵੀ ਚਮਕਾ ਦੇਵੇਗੀ ਅਤੇ ਉਸ ਉੱਪਰ ਗੁਰਬੱਤ ਦਾ ਕਲੰਕ ਵੀ ਨਹੀਂ ਲੱਗੇਗਾ।'

'ਮਿਸਾਲ ਦੇ ਤੌਰ ਤੇ ਜਿਸ ਬੱਤੀ ਮਗਰ ਤੂੰ ਭੰਮੱਕੜ ਹੋਇਆ ਫਿਰਦਾ ਸੀ, ਕੀ ਉਸ ਪੱਲੇ ਕੁਝ ਸੀ ?'

'ਯਾਰ! ਉਹ ਅਤੀ ਸੁੰਦਰ ਨੱਢੀ ਸੀ, ਹਰ ਚੀਜ਼ ਉਸ ਪਾਸ ਸੀ। ਸਭ ਤੋਂ ਵੱਡੀ ਚੀਜ਼ ਉਸ ਦਾ ਨਖ਼ਰਾ ਜਦੋਂ ਹੱਸਦੀ ਦੋਹਰੀ ਹੁੰਦੀ ਸੀ ਤਦ ਖੁਲ੍ਹੀ ਕਵਿਤਾ ਵਾਂਗ ਪੂਰੀ ਦੀ ਪੂਰੀ ਪੜ੍ਹੀ ਜਾਂਦੀ ਸੀ, ਇਕੋ ਮੁਸਕਰਾਹਟ ਨਾਲ ਪੂਰੀ ਦੀ ਪੂਰੀ ਬਿਛ, ਉਹ ਮੋਹ ਲੈਂਦੀ ਸੀ ?'

'ਫਿਰ ਤੂੰ ਉਸ ਨੂੰ ਆਪਣੀ ਪਟਾਰੀ ਵਿਚ ਕਿਉਂ ਨਾ ਪਾ ਲਿਆ ?'

'ਉਸ ਦੀ ਦਿਖ ਨੇ ਹੀ ਮੈਨੂੰ ਮੋਹ ਲਿਆ ਸੀ। ਪਰ ਉਸ



Namdhari Elibrary NamdhariElibrary@gmail.com

ਵੇਖਿਆ ਮੈਂ ਪਹਿਲਾਂ ਹੀ ਖਾਲੀ ਕਾਸਾ ਫੜੀ ਬੈਠਾ ਹਾਂ। ਮੈਂ ਮੰਗਤਾ ਬਣਿਆ ਉਸ ਮਗਰ ਸਾਂ।'

'ਇਸੇ ਕਰਕੇ ਤਾਂ ਮੈਂ ਕਹਿੰਦਾ ਹਾਂ ਕਿ ਸਾਹਿਤ ਰਚਨਾ, ਪੱਤਰਕਾਰੀ ਤੁਹਾਨੂੰ ਮੰਗਤਾ ਨਹੀਂ, ਸਗੋਂ ਕਰੋੜਪਤੀ ਬਣਾਉਂਦੀ ਹੈ, ਦੌਲਤ ਦੌਲਤ ਨੂੰ ਖਿੱਚਦੀ ਹੈ। ਤੂੰ ਉਸ ਦੇ ਚਮਕੀਲੇ ਕਾਸੇ ਵਿਚ ਸਭ ਕੁਝ ਪਾਉਣ ਲਈ ਤਿਆਰ ਹੋ ਗਿਆ ਸੀ। ਹਾਲਾਂ ਕਿ ਤੇਰੇ ਆਪਣੇ ਕਾਸੇ ਵਿਚ ਵੀ ਭੁੱਖ ਨੰਗ ਭਰੀ ਹੋਈ ਸੀ। ਉਸ ਦੀ ਬਾਹਰੀ ਚਮਕ-ਦਮਕ ਮਗਰ ਹੀ ਤੂੰ ਭੁੱਲ ਗਿਆ।'

'ਹੁਣ ਪਤਾ ਲੱਗਿਆ, ਜਿਨ੍ਹਾਂ ਦੇ ਕਾਸੇ ਮੰਗਤਿਆਂ ਵਾਲੇ ਦੱਕਿਆਨੂਸੀ ਕਾਸੇ ਨਾ ਹੋ ਕੇ ਸਗੋਂ ਇਨਾਮਾਂ, ਸਨਮਾਨਾਂ ਅਤੇ ਤਗਮਿਆਂ ਦੀ ਚਮਕ-ਦਮਕ ਵਿਚ ਅੱਖਾਂ ਚੁੰਧਿਆਉਂਦੇ ਹਨ। ਉਹ ਹੀ ਸਰਕਾਰਾਂ ਅਤੇ ਧਨਾਢਾਂ ਪਾਸੋਂ ਰਿਆਇਤ ਹਾਸਲ ਕਰਦੇ ਹਨ।'

'ਜੋ ਇਨ੍ਹਾਂ ਤੋਂ ਦੂਰ ਰਹਿਣ, ਭ੍ਰਿਸ਼ਟ ਨਾ ਹੋਣ ਦਾ ਦਾਅਵਾ ਕਰਨ ਅਤੇ ਆਪਣੇ ਉੱਚ ਆਦਰਸ਼ਾਂ ਦਾ ਢੰਡੋਰਾ ਪਿੱਟਦੇ ਰਹਿਣ, ਉਨ੍ਹਾਂ ਦੀ ਛਿਪ ਤੁਰ ਜਾਣ ਦੀ ਆਸ ਪੂਰੀ ਹੋ ਜਾਂਦੀ ਹੈ। ਜਿਹੜੇ ਆਪਣੇ ਆਪ ਨੂੰ ਨਵੀਂ ਸਜੀ ਦੁਲਹਨ ਅਤੇ ਨਵੇਂ ਨਵੇਂ ਬਣੇ ਆਗੂ ਵਾਂਗ ਬਾਹਰੋਂ ਚਮਕੀਲਾ ਅਤੇ ਉੱਚੇ ਸੁੱਚੇ ਆਦਰਸ਼ਾਂ ਦਾ ਮਖੌਟਾ ਪਹਿਣ ਸੱਜ ਧੱਜ ਇਨਾਮਾਂ ਸਨਮਾਨਾਂ ਨਾਲ ਨਿਵਾਜੇ ਹੋਣ, ਉਹੋ ਸਾਰੇ ਤਰ੍ਹਾਂ ਦੇ ਮਜ਼ੇ ਲੁੱਟਦੇ ਹਨ ਅਤੇ ਸਾਰੇ ਉਨ੍ਹਾਂ ਦੇ ਕਾਸਿਆਂ ਨੂੰ ਹੋਰ ਭਰਪੂਰ ਕਰਦੇ ਹਨ।'

'ਤੂੰ ਤਾਂ ਯਾਰ ਉਸ ਹੂਰਪਰੀ, ਬੁਝੀ ਬੰਤੀ ਮਗਰ ਹੀ ਭਮੱਕੜ ਬਣ ਗਿਆ ਸੀ, ਫਿਰ ਵੀ ਤੈਨੂੰ ਉਹ ਚਕਮਾ ਦੇ ਗਈ।'

'ਮੈਂ ਆਪਣੇ ਆਪ ਨੂੰ ਆਦਰਸ਼ਵਾਦੀ ਤੇ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਵਾਲਾ, ਅੰਦਰੋਂ ਬਾਹਰੋਂ ਇਕੋ ਜਿਹਾ ਬਣ ਜੀਉਣਾ ਚਾਹੁੰਦਾ ਹਾਂ। ਇਕ ਲੇਖਕ ਦੀ ਲਿਖਤ ਵਾਲੇ ਮੰਗਤਿਆਂ ਦਾ ਚੋਲਾ ਮੇਰੇ ਪਾਸੋਂ ਨਹੀਂ ਪਹਿਨਿਆ ਗਿਆ।'

'ਅੱਜ ਚਮਕਦੇ-ਦਮਕਦੇ ਕਾਸੇ ਵਾਲੇ ਮੰਗਤੇ ਨੂੰ ਸਭੇ ਸਲਾਮਾਂ ਕਰਦੇ ਹਨ, ਗੁਰਬੱਤ ਦੇ ਕਾਸੇ ਫੜੀ ਮੰਗਤਿਆਂ ਨੂੰ ਧੱਕਿਆਂ ਤੋਂ ਸਿਵਾਏ ਕੁਝ ਨਹੀਂ ਮਿਲਦਾ। ਜ਼ਮਾਨੇ ਦੇ ਹਾਣ ਦੇ ਹੋ ਕੇ ਰਹੋ, ਚਾਹੇ ਮੰਗਤੇ ਹੀ ਬਣੋ। ਆਦਰਸ਼ਵਾਦੀ ਅੱਲਖ ਜਗਾਉਣ ਵਾਲੇ ਮੰਗਤਿਆਂ ਦੇ ਜ਼ਮਾਨੇ ਲੱਦ ਗਏ।'

*ਗੀਤ*

## ਚੀਨੀ ਵਾਲੇ ਮਾਹੀ

*—ਨਿਸ਼ਾਨ ਇੰਡੋਖੇੜੀਆ*

ਕੂਕੇ ਮਾਰ ਮਾਰ ਕੂਕਾਂ ਤੈਨੂੰ, ਰਹੇ ਨੇ ਬੁਲਾਅ।
ਚੀਨੀ ਵਾਲੇ ਮਾਹੀ ਹੁਣ ਛੇਤੀ ਘਰ ਆ।
ਚੀਨੀ ਵਾਲੇ ਮਾਹੀ ..........................।

ਤੇਰੇ ਬਾਝੋਂ ਸੁੰਨੀ ਏ ਬਸੰਤ ਬਹਾਰ ਏ।
ਤੇਰਿਆਂ ਦੀਵਾਨਿਆਂ ਨੂੰ ਤੇਰਾ ਇੰਤਜ਼ਾਰ ਏ।
ਦਰਦ ਵਿਛੋੜੇ ਵਾਲਾ, ਰਿਹਾ ਵਿਚੋਂ ਵਿਚ ਖਾ।
ਚੀਨੀ ਵਾਲੇ ਮਾਹੀ ..........................।

ਮਿੱਟੀ ਭੈਣੀ ਸਾਹਿਬ ਦੀ ਵੀ ਛੋਹ ਤੇਰੀ ਮੰਗਦੀ।
ਤੇਰੇ ਬਾਝੋਂ ਇਕ ਘੜੀ ਵਰ੍ਹੇ ਵਾਂਗ ਲੰਘਦੀ।
ਜੁਦਾਈਆਂ ਵਾਲੀ ਅੱਗ, ਛੇਤੀ ਆਣ ਕੇ ਬੁਝਾਅ।
ਚੀਨੀ ਵਾਲੇ ਮਾਹੀ ਹੁਨ ਛੇਤੀ ....................।

ਪ੍ਰਦੇਸਾਂ ਵਿਚ ਜਾ ਕੇ ਕਿਵੇਂ ਲੱਗਾ ਤੇਰਾ ਚਿੱਤ ਵੇ।
ਸਾਡੇ ਨਾਲੋਂ ਚੰਗਾ ਕਿਹੜਾ ਮਿਲ ਗਿਆ ਮਿੱਤ ਵੇ।
ਭੁੱਲ ਗਿਆ ਜੀਹਦੇ ਪਿੱਛੇ, ਸਾਡੀ ਪਰਵਾਹ।
ਚੀਨੀ ਵਾਲੇ ਮਾਹੀ ..........................।

ਬਿਰਹੋਂ ਦੀ ਪੀੜ ਅਜੇ, ਕਿੰਨਾ ਚਿਰ ਝੱਲਾਂਗੇ।
ਕਦੋਂ ਗੁਰੂ ਰਾਮ ਸਿੰਘ, ਗੋਦ ਤੇਰੀ ਮੱਲਾਂਗੇ।
ਨਿਸ਼ਾਨ ਜਦੋਂ ਆਵੇਂਗਾ ਤਾਂ ਹੋਣੇ ਪੂਰੇ ਚਾਅ।
ਚੀਨੀ ਵਾਲੇ ਮਾਹੀ ਹੁਣ ਛੇਤੀ ਘਰ ਆ।

*ਪਿੰਡ ਇੰਡੋਖੇੜਾ, ਡਾਕਖਾਨਾ ਸਵਾਰ*
*ਜ਼ਿਲਾ ਰਾਮਪੁਰ (ਯੂ. ਪੀ.)*

### ਕਲਾਕਾਰ

ਸਾਡੇ ਮੁਲਕ ਮਹਾਨ ਦੇ ਵਿੱਚ ਲੱਖਾਂ
ਲਿਖਣ ਗੌਣ ਵਾਲੇ ਕਲਾਕਾਰ ਹੋ ਗਏ

ਜੀਉਂਦੇ ਜੀ ਨਹੀਂ ਕਿਸੇ ਨੇ ਬਾਤ ਪੁੱਛੀ
ਮੁਰਦਾ ਬਣਦਿਆਂ ਸਾਰ ਸਤਕਾਰ ਹੋ ਗਏ

ਨੂਰਪੁਰੀ ਨੂੰ ਸ਼ਾਹੀ ਖ਼ਤਾਬ ਦਿੱਤਾ
ਜਿੰਦਣ ਦੇਖਿਆ ਭੌਰ ਫਰਾਰ ਹੋ ਗਏ
ਯਮਲੇ ਜੱਟ ਨੂੰ 'ਆਦਲਾ' ਮਿਲੀ ਮਦਦ
ਜਦੋਂ ਸਾਹ ਸਰੀਰ ਤੋਂ ਬਾਹਰ ਹੋ ਗਏ

*ਆਦਲ ਦਿਆਲਪੁਰੀ*



Namdhari Elibrary NamdhariElibrary@gmail.com

# ਤਿੰਨ ਸਦੀਆਂ 'ਚ ਫੈਲਿਆ ਚਮਨ

—ਜਗਦੀਸ਼ ਸਿੰਘ

ਅਸੀਂ ਛੋਟੇ ਹੁੰਦੇ ਉਰਦੂ ਪੜ੍ਹਦੇ ਹੁੰਦੇ ਤਾਂ ਚਮਨ ਲਫ਼ਜ਼ ਆਮ ਕਰਕੇ ਪੜ੍ਹਣ ਨੂੰ ਮਿਲਦਾ। ਚਮਨ ਕੀ ਸੈਰ ਨਾਂਅ ਦੀ ਨਜ਼ਮ (ਕਵਿਤਾ) ਨੂੰ ਘੋਟਾ ਲਾ ਕੇ ਪੜ੍ਹਦੇ ਅਤੇ ਹੇਕਾਂ ਲਾ ਕੇ ਗਾਉਂਦੇ। ਮੋਟੇ ਅਰਥਾਂ ਵਿਚ ਚਮਨ ਬਾਗ ਨੂੰ ਹੀ ਕਿਹਾ ਜਾਂਦਾ। ਚਮਨ ਦਾ ਸ਼ਬਦ ਖੁਸ਼ੀ ਖੇੜੇ ਅਤੇ ਪ੍ਰਫੁਲਤਾ ਦਾ ਪ੍ਰਤੀਕ ਹੀ ਹੁੰਦਾ। ਚਮਨ ਦੇ ਅੰਗੂਰ ਅਸੀਂ ਸਮਝਦੇ ਸਾਂ ਕਿ ਬਾਗ ਦੇ ਅੰਗੂਰ ਹਨ ਪਰ ਬਾਦ ਵਿਚ ਪਤਾ ਲਗਾ ਕਿ ਅਫਗਾਨਿਸਤਾਨ ਵਿਚ ਇਕ ਥਾਂ ਹੈ 'ਚਮਨ' ਜਿਥੇ ਦੇ ਅੰਗੂਰ ਮਸ਼ਹੂਰ ਹਨ। ਪਰ ਇਥੇ ਵੀ ਤਾਂ ਚਮਨ ਤੇ ਬਾਗ ਦਾ ਸਬੰਧ ਹੈ ਹੀ ਸੀ। ਸੰਤਾਲੀ 'ਚ ਹੋਈ ਦੇਸ਼ ਵੰਡ ਬਾਦ ਅਸੀਂ ਪਨਾਹਗੀਰ ਬਣ ਕੇ ਜਲੰਧਰ ਵਿਚ ਆਏ ਤਾਂ ਸਾਡੇ ਮਕਾਨ ਦੇ ਸਾਹਮਣੇ ਇਕ ਕੋਲਿਆਂ ਲਕੜਾਂ ਦਾ ਟਾਲ ਹੁੰਦਾ ਸੀ। ਲਕੜਾਂ ਦਾ ਘੱਟ ਅਤੇ ਕੋਲਿਆਂ ਦਾ ਜ਼ਿਆਦਾ। ਪੱਥਰ ਦੇ ਕੋਲਿਆਂ ਦਾ ਇਹ ਡਿੱਪੂ ਸੀ ਜਿਸਦਾ ਮਾਲਕ ਇਕ ਪਤਲਾ ਜਿਹਾ ਸਰਦਾਰ ਸੀ। ਜਿਹੜਾ ਕਵਿਤਾ ਵੀ ਜੋੜਦਾ ਹੁੰਦਾ ਸੀ। ਉਸ ਜ਼ਮਾਨੇ ਵਿਚ ਕਵੀ ਦਰਬਾਰਾਂ ਦਾ ਬੜਾ ਜ਼ੋਰ ਹੁੰਦਾ ਸੀ। ਪਾਕਿਸਤਾਨ ਦੀ ਕਾਇਮੀ ਬਾਦ ਲੋਕ ਉਜੜ ਪੁਜੜ ਕੇ ਆਏ ਸਨ। ਟੈਲੀਵਿਯਨ ਦਾ ਤਾਂ ਕਿਸੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਕਦੇ ਇਕ ਡੱਬੇ ਵਿਚ ਤਸਵੀਰਾਂ ਵੀ ਆ ਸਕਦੀਆਂ ਹਨ। ਰੇਡੀਓ ਹੁੰਦਾ ਸੀ ਕਿਸੇ ਕਿਸੇ ਕੋਲ ਹੀ ਜਿਹਦੇ ਵਿਚ ਫਿਲਮੀ ਗਾਣੇ ਨਹੀਂ ਸਨ ਆਉਂਦੇ। ਉਂਝ ਗੀਤ ਤੇ ਖਬਰਾਂ ਆਉਂਦੀਆਂ ਸਨ। ਮਨ ਪਰਚਾਵੇ ਵਾਸਤੇ ਜਲੰਧਰ ਸਟੇਸ਼ਨ ਤੋਂ ਆਉਂਦਾ ਦਿਹਾਤੀ ਪ੍ਰੋਗਰਾਮ ਸੀ ਜੋ ਲੋਕ ਇਕੱਠੇ ਹੋ ਕੇ ਪ੍ਰੇਮ ਨਾਲ ਸੁਣਦੇ। ਕਵੀ ਦਰਬਾਰ ਅਕਸਰ ਗੁਰਦੁਆਰਿਆਂ 'ਚ ਗੁਰਪੁਰਬਾਂ ਨੂੰ ਹੁੰਦੇ ਤਾਂ ਬਹੁਤ ਭੀੜ ਹੁੰਦੀ। ਰੋਣਾ, ਗੁੱਸਾ, ਰੋਹ ਸ਼ਹਾਦਤ ਪ੍ਰੇਮ ਜਾਂ ਫਿਰ ਹਸਣਾ ਇਹ ਸਾਰੇ ਰੰਗ ਕਵੀ ਦਰਬਾਰਾਂ 'ਚ ਮਿਲਦੇ। ਬਲੱਗਣ, ਤੀਰ, ਕੁੰਦਨ, ਯੁਮਨ ਜਿਹੇ ਕਵੀਆਂ ਦਾ ਕਵੀ ਦਰਬਾਰਾਂ ਵਿਚ ਤੂਤੀ ਬੋਲਦਾ ਸੀ। ਇਹਨਾਂ ਕਵੀ ਦਰਬਾਰਾਂ ਵਿਚ ਹੀ ਸਾਡੇ ਸਾਹਮਣੇ ਕੋਲਿਆਂ ਦੇ ਡਿਪੂ ਵਾਲਾ ਸਰਦਾਰ ਵੀ ਕਵਿਤਾ ਪੜ੍ਹਦਾ ਸੀ। ਇਹਦੇ ਨਾਮ ਤਖੱਲਸ ਦਾ ਪਤਾ ਨਹੀਂ ਸੀ। ਇਕ ਦਿਨ ਏਸ ਕਵੀ ਨੇ ਗੁਰਦੁਆਰਾ ਸਿੰਘ ਸਭਾ ਵਲੋਂ ਪੁਰਾਣੀਆਂ ਕਚਿਹਰੀਆਂ (ਉਦੋਂ) ਦੇ ਖੁਲ੍ਹੇ ਮੈਦਾਨ ਵਿਚ ਕਵਿਤਾ ਪੜ੍ਹੀ। ਇਸ ਕਵਿਤਾ ਵਿਚ ਉਹਨੇ ਦੱਸਿਆ ਕਿ ਉਹਨੂੰ ਸੁਪਨਾ ਆਇਆ ਕਿ ਉਹਨੇ ਦਲੀਆ ਰਿਝਣਾ ਰਖਿਆ ਤੇ ਉਹਦੀ ਖੀਰ ਬਣ ਗਈ। ਇਹ ਮੁਹਾਵਰੇ ਤੋਂ ਉਲਟ ਉਸ ਗਲ ਕਹੀ। ਅਸਲ ਮੁਹਾਵਰਾ ਹੈ ਰਿਧੀ ਖੀਰ ਤੇ ਬਣ ਗਿਆ ਦਲੀਆ ਪਰ ਉਸਨੇ ਬਾਦ ਵਿਚ ਵਜ਼ੀਰ ਬਨਣਾ ਸੀ ਇਸ ਵਾਸਤੇ ਕਾਫੀਏ ਵਿਚ ਉਸ ਦੇ ਦਲੀਏ ਨੇ ਖੀਰ ਬਨਣਾ ਸੀ। ਉਸ ਬਾਦ ਉਸ ਦਸਿਆ ਕਿ ਉਹ ਪੰਜਾਬ ਦਾ ਵਜ਼ੀਰ ਬਣ ਗਿਆ। ਵਜ਼ੀਰ ਆਮ ਤੌਰ ਤੇ ਸੂਬੇ ਦੇ ਇਲਾਕਿਆਂ ਵਿਚ ਦੌਰੇ ਤੇ ਜਾਂਦੇ ਹਨ ਹੋਰ ਵੱਡੇ ਲੋਕ ਵੀ ਅਤੇ ਆਪ ਵਪਾਰੀ ਵੀ ਜਾਂਦੇ ਹਨ। ਪਰ ਚਮਨ ਨੇ ਇਸ ਦੌਰੇ ਸ਼ਬਦ ਨੂੰ ਇਸ ਤਰ੍ਹਾਂ ਬੰਨਿਆ ਤੇ ਬੋਲਿਆ ਜਿਵੇਂ ਉਹ ਦੌਰਾ ਮਿਰਗੀ ਵਰਗਾ ਹੋਵੇ। ਦੌਰੇ ਤੇ ਦੌਰਾ ਪੈਣ ਲੱਗਾ। ਗੱਲ ਕੀ ਇਹ ਬੰਦਾ ਇਕੱਲਾ ਹੀ ਮੇਲਾ ਲੁਟ ਕੇ ਲੈ ਗਿਆ। ਇਹ ਬੰਦਾ ਖਦਰ ਵੀ ਪਾਉਂਦਾ ਸੀ ਜ਼ਾਹਰ ਸੀ ਕਿ ਉਹ ਕਾਂਗਰਸੀ ਰਿਹਾ ਹੋਵੇਗਾ ਅਤੇ ਕੋਲੇ ਦੇ ਡਿਪੂ ਦਾ ਲਾਇਸੈਂਸ ਲੈਣਾ ਵੀ ਇਹ ਗਲ ਜ਼ਾਹਰ ਕਰਦਾ ਸੀ ਕਿ ਉਹ ਸਰਕਾਰ ਨਾਲ ਕਿਤੇ ਨਾ ਕਿਤੇ ਸਬੰਧ ਰਖਦਾ ਸੀ। ਪਰ ਜਿਹੜੀ ਵਜ਼ੀਰਾਂ ਦੀ ਉਸ ਨੇ ਕਵਿਤਾ ਰਾਹੀਂ ਗਤ ਬਣਾਈ। ਉਹ ਸੁਣ ਕੇ ਲੋਕਾਂ ਦੇ ਢਿੱਡੀਂ ਪੀੜਾਂ ਪੈ ਗਈਆਂ। ਉਹਦੇ ਬੰਦ ਆਪ ਮੁਹਾਰੇ ਲੋਕਾਂ ਨੂੰ ਜ਼ੁਬਾਨੀ ਯਾਦ ਹੋ ਗਏ ਅਤੇ ਮੁੰਡਿਆਂ ਦੀਆਂ ਮਹਿਫਲਾਂ ਵਿਚ ਦਲੀਏ ਦੇ ਖੀਰ ਬਨਣ ਅਤੇ ਕਵੀ ਦੇ ਵਜ਼ੀਰ ਬਨਣ ਤੇ ਦੌਰੇ ਤੇ ਦੌਰਾ ਪੈਣ ਦੀਆਂ ਗੱਲਾਂ ਆਮ ਹੁੰਦੀਆਂ ਰਹੀਆਂ। ਉਸ ਜ਼ਮਾਨੇ ਵਿਚ ਕਵੀ ਦਰਬਾਰਾਂ ਦੀਆਂ ਗੱਲਾਂ ਬੜਾ ਚਿਰ ਬਾਦ ਵਿਚ ਵੀ ਹੁੰਦੀਆਂ ਰਹਿੰਦੀਆਂ ਸਨ। ਅਜ ਕਲ੍ਹ ਤਾਂ ਕਵਿਤਾ ਸੁਣਦਿਆਂ ਦੀ ਪਤਾ ਨਹੀਂ ਲਗਦੇ ਅਰਥ ਪਰ ਉਦੋਂ ਸਭ ਕੁਝ ਮਹਿਫਲੀ ਹੁੰਦਾ ਸੀ। (ਇਹ ਕਿਸ ਤਰ੍ਹਾਂ ਦੀ ਕਵਿਤਾ ਸ਼ਾਇਰ ਸੁਣਾ ਰਹੇ ਨੇ ਸਾਰੇ ਹੀ ਲੋਕ ਬੈਠੇ ਲੈਂਦੇ ਉਬਾਸੀਆਂ ਨੇ-*ਦਵਿੰਦਰ ਜੋਸ਼*) ਅਤੇ ਬਹੁਤੀ ਕਵਿਤਾ ਸੀਨਾ-ਬਸੀਨਾ ਚਲਦੀ ਸੀ। ਜਦੋਂ ਕਵੀ ਦਾ ਨਾਂਅ ਸਟੇਜ ਤੋਂ ਐਲਾਨਿਆ ਗਿਆ ਤਾਂ ਪਹਿਲੀ ਵਾਰ ਪਤਾ ਲੱਗਾ ਕਿ ਇਹ ਕੋਲਿਆਂ ਦੇ ਡਿੱਪੂ ਵਾਲਾ ਬੰਦਾ ਸਰਦਾਰ ਜਗਜੀਤ ਸਿੰਘ ਚਮਨ ਹੈ। ਮੈਨੂੰ ਇਹ ਵੀ ਨਹੀਂ ਪਤਾ ਕਿ ਇਹ ਡਿਪੂ ਉਸ ਦਾ



Namdhari Elibrary NamdhariElibrary@gmail.com

ਅਪਣਾ ਸੀ ਕਿ ਕਿਸੇ ਹੋਰ ਦਾ!

ਇਹ ਡਿਪੋ ਸਾਡੀਆਂ ਸਭਿਆਚਾਰਕ ਸਰਗਰਮੀਆਂ ਦਾ ਵੀ ਕੇਂਦਰ ਬਣ ਗਿਆ। ਇਕ ਪੰਡਤਾਂ ਦਾ ਮੁੰਡਾ ਸੀ ਦਰਸ਼ਨ ਲਾਲ ਬੜਾ ਤੇਜ਼ ਤੇ ਮੂੰਹ ਜ਼ੁਬਾਨੀ ਸੁਣੀ ਗੱਲ ਯਾਦ ਰੱਖਣ ਵਾਲਾ। ਉਸ ਦੀ ਲੀਡਰਸ਼ਿਪ ਵਿਚ ਅਸੀਂ ਰਾਮ ਲੀਲਾ ਦੀ ਦੇਖਾ ਦੇਖੀ ਇਕ ਡਰਾਮਾ ਕਰਨ ਦਾ ਨਿਰਣਾ ਲਿਆ ਸਰਵਣ ਕੁਮਾਰ। ਰਾਮ ਲੀਲਾ ਤੋਂ ਪ੍ਰੇਰਣਾ ਲੈ ਕੇ ਅਕਸਰ ਰਾਮ ਲੀਲਾ ਦੇ ਡਰਾਮੇ ਬੱਚੇ ਕਰਨ ਲੱਗ ਪੈਂਦੇ ਸਨ ਹਰ ਹੱਥ ਵਿਚ ਧਨੁਸ਼ ਬਾਣ ਹੋ ਜਾਂਦੇ ਸਨ। ਕਵੀ ਦਰਬਾਰਾਂ ਵਾਂਗ ਰਾਮ ਲੀਲਾ ਵਿਚ ਵੀ ਮੇਲਿਆਂ ਵਾਂਗ ਭੀੜ ਜੁੜਦੀ ਅਤੇ ਵਾਹਵਾ ਰੌਣਕ ਮੇਲਾ ਹੁੰਦਾ। ਪੰਡਿਤ ਦਰਸ਼ਨ ਨੇ ਜਿਹੜੀ ਐਕਟਰਾਂ ਦੀ ਚੋਣ ਕੀਤੀ। ਉਹਨਾਂ ਵਿਚ ਇਕ ਮੋਟੇ ਜਿਹੇ ਮੁੰਡੇ ਨੂੰ ਸਰਵਣ ਦੀ ਮਾਂ ਬਣਾਇਆ। ਰਣਜੀਤ ਸਿੰਘ ਰਾਂਝੇ ਨੂੰ ਸਰਵਣ ਬਣਾਇਆ ਅਤੇ ਮੇਰੇ ਵਰਗੇ ਕਿਸੇ ਹੋਰ ਸੁਕੜੂ ਨੂੰ ਸਰਵਨ ਦਾ ਪਿਓ। ਵਾਰਤਾਲਾਪ ਕੋਈ ਲਿਖਤੀ ਨਹੀਂ ਮੂੰਹ ਜ਼ੁਬਾਨੀ ਸੀ ਅਤੇ ਘੋਟਾ ਲਵਾਇਆ ਹੋਇਆ ਸੀ। ਲਾਲਟੈਣਾਂ ਦੀ ਰੋਸ਼ਨੀ ਵਿਚ ਡਰਾਮਾ ਸ਼ੁਰੂ ਹੋਇਆ ਅਤੇ ਪਹਿਲੇ ਹੀ ਡਾਇਲਾਗ ਨੇ ਲੋਕਾਂ ਨੂੰ ਹਸਾ ਹਸਾ ਕੇ ਦੂਹਰਿਆਂ ਕਰ ਦਿੱਤਾ। ਸਰਵਨ ਦੀ ਮਾਂ ਬਣਿਆ ਮੁੰਡਾ ਸਵੇਰ ਤੋਂ ਹੀ ਤਿਆਰੀ ਕਰਦਾ ਹੋਇਆ ਬਹੁਤ ਭੁੱਖਾ ਹੋ ਚੁੱਕਾ ਸੀ। ਉਹਨੇ ਇਹ ਸ਼ਬਦ ਬੋਲਣੇ ਸਨ "ਬੇਟਾ ਬਹੁਤ ਪਿਆਸ ਲਗੀ ਹੈ ਪਾਣੀ ਤੋਂ ਪਿਲਾ ਦੋ"..ਪਰ ਉਸ ਭੁਖ ਦੇ ਸਤਾਏ ਮੁੰਡੇ ਨੇ ਕਿਹਾ ਬੇਟਾ ਬਹੁਤ ਭੁਖ ਲਗੀ ਹੈ ਪਾਣੀ ਤੋਂ ਪਿਲਾ ਦੋ"। ਭੁਖ ਸੁਣ ਕੇ ਸਾਰੇ ਪਾਸੇ ਹਾਸੜ ਮੱਚ ਗਈ। ਸਾਨੂੰ ਪਤਾ ਨਾ ਲਗੇ ਕਿ ਕੀ ਗੱਲ ਹੋਈ ਹੈ। ਇਕ ਤੋਂ ਬਾਦ ਇਕ ਗਲ ਤੇ ਪਤਾ ਨਹੀਂ ਡਰਾਮਾ ਕਦੋਂ ਖਤਮ ਹੋ ਗਿਆ। (ਇਹ ਗਲ ਸੁਣਾ ਸੁਣਾ ਕੇ ਕਈ ਵਾਰ ਅਸਾਂ ਲੰਗਰ ਛਕਿਆ ਹੈ)

ਸਾਡੇ ਸਕੂਲ ਵਿਚ ੧੫ ਅਗਸਤ ਮਨਾਉਣ ਲਈ ਸਾਨੂੰ ਕਿਹਾ ਗਿਆ ਕਿ ਵਿਦਿਆਰਥੀ ਵੀ ਕਵਿਤਾ ਬੋਲਣ। ਮੈਂ ਚਮਨ ਜੀ ਦੇ ਪਿਛੇ ਪਿਛੇ ਲਗਾ ਰਿਹਾ ਕਿ ਮੈਨੂੰ ਕਵਿਤਾ ਲਖਾ ਦਿਓ ਲਖਾ ਦਿਓ। ਉਹ ਕਹਿੰਦੇ ਰਹੇ ਲਿਖਾ ਦੇਣਾ ਹਾਂ ਲਿਖਾ ਦੇਣਾ ਹਾਂ। ੧੪ ਅਗਸਤ ਨੂੰ ਸਵੇਰੇ ਸਵੇਰੇ ਕਹਿਣ ਲਗੇ ਲਿਆ ਕਾਪੀ ਪੈਂਸਲ। ਜੋ ਕਵਿਤਾ ਉਹਨਾਂ ਲਿਖਾਈ ਉਹ ਅਜੇ ਤੱਕ ਕੁਝ ਕੁਝ ਯਾਦ ਹੈ।

ਆਜ਼ਾਦੀ ਆਜ਼ਾਦੀ ਪਈ ਦੁਨੀਆ ਸੀ ਕਰਦੀ
(ਪਰ) ਗੁਲਾਮੀ ਤੋਂ ਆਜ਼ਾਦ ਹੋਣਾ ਨਹੀਂ ਸੌਖਾ
ਵਸਦੇ ਘਰਾਂ ਦਾ ਉਜੜਣਾ ਹੈ ਮੁਸ਼ਕਲ
ਤੇ ਉਜੜੇ ਹੋਏ ਨੂੰ ਵਸਾਉਣਾ ਨਹੀਂ ਸੌਖਾ
ਸਦੀਆਂ ਤੋਂ ਬੱਝੀ ਹਕੂਮਤ ਦੀ ਜੜ੍ਹ ਤੇ
ਸਿਆਸਤ ਦੀ ਆਰੀ ਚਲਾਉਣੀ ਨਹੀਂ ਸੌਖੀ
ਕਿਸੇ ਦੀ ਹਕੂਮਤ ਨੂੰ ਸਿਰ ਤੋਂ ਲਾਹ ਕੇ
ਆਪਣੀ ਹਕੂਮਤ ਬਨਾਉਣੀ ਨਹੀਂ ਸੌਖੀ

ਫੇਰ ਚਮਨ ਜੀ ਦੇ ਇਥੋਂ ਚਲੇ ਗਏ। ਨਾ ਡਿਪੂ ਰਿਹਾ ਨਾ ਖਾਲੀ ਥਾਂ ਇਥੇ ਮਕਾਨ ਦੁਕਾਨਾਂ ਬਣ ਗਈਆਂ। ਅਸੀਂ ਜਿਹੜੇ ਖੁਲ੍ਹੇ ਥਾਵਾਂ ਤੇ ਵਿਚਰਦੇ ਸਾਂ ਭੀੜੀਆਂ ਗਲੀਆਂ ਦੇ ਵਾਸੀ ਹੋ ਗਏ।

ਜ਼ਿੰਦਗੀ ਦੇ ਵਲਦਾਰ ਰਾਹਾਂ 'ਚ ਵਿਚਰਦਿਆਂ ਚਮਨ ਦੀ ਗੱਲ ਕਦੇ-ਕਦੇ ਸੁਣਦੇ ਰਹੇ। ਇਹ ਵੀ ਸੁਣਿਆ ਕਿ ਜਗਜੀਤ ਸਿੰਘ ਚਮਨ ਸਾਦੇ ਸ਼ਬਦਾਂ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕਰਕੇ ਹੀ ਵਾਹਵਾ ਲੁਟ ਲੈਂਦਾ ਹੈ। ਇਕ ਵਾਰ ਸਮੱਸਿਆ ਸੀ ਕਦੀ ਅਸੀਂ ਸਾਂ ਤਖਤੋ ਤਾਜ ਵਾਲੇ। ਚਮਨ ਨੇ ਇਕ ਬੰਦ ਦੇ ਆਖਰ ਵਿਚ ਕਿਹਾ "ਮਰ ਗਏ ਕਰਨ ਵਾਲੇ ਰਹਿ ਗਏ ਕਹਿਣ ਵਾਲੇ। ਕਦੀ ਅਸੀ ਸਾਂ ਤਖਤੋ ਤਾਜ ਵਾਲੇ।" ਇਕ ਕਵੀ ਸਮਾਗਮ ਤੇ ਉਹਦਾ ਸ਼ੇਅਰ ਸੀ।

ਲੋਕੀਂ ਚੰਨ ਦੇ ਉਤੇ ਚੜ੍ਹੀ ਜਾਂਦੇ
ਅਕਾਲੀ ਨਵੇਂ ਈ ਚੰਦ ਚੜ੍ਹਾਈ ਜਾਂਦੇ।

ਬਾਬੂ ਲਾਭ ਸਿੰਘ ਟਰੱਸਟ ਦੀ ਬਿਲਡਿੰਗ ਵਿਚ ਚਮਨ ਕਾਫੀ ਚਿਰ ਰਹਿਆ। ਸਰਦਾਰ ਸਵਰਨ ਸਿੰਘ ਜਿਹਿਆਂ ਨਾਲ ਉਸਦੀ ਯਾਰੀ ਸੀ। ਚਮਨ ਆਜ਼ਾਦੀ ਦੀ ਲੜਾਈ ਵਿਚ ਕਾਂਗਰਸ ਦੀ ਅਗਵਾਈ ਵਿਚ ਜੇਲ੍ਹ ਵੀ ਗਿਆ ਤੇ ਫਰੀਡਮ ਫਾਈਟਰ ਦਾ ਸਰਟੀਫਿਕੇਟ ਵੀ ਉਹਦੇ ਕੋਲ ਸੀ। ਫੇਰ ਇਹ ਵੀ ਸੁਣਿਆ ਕਿ ਅਤਿਵਾਦ ਦੇ ਜ਼ਮਾਨੇ ਵਿਚ ਉਹ ਰੱਬ ਦੀ ਰਹਿਮਤ ਨਾਲ ਜਿਊਂਦਾ ਰਹਿ ਗਿਆ। ਕਦੇ ਕਦਾਈਂ ਜ਼ਲੋਟੋ ਇੰਡਸਟਰੀ ਵਿਚ ਉਹ ਕਵਿਤਾ ਪੜ੍ਹਣ ਆ ਜਾਂਦਾ। ਹੁਣ ਉਹ ਮਿਲਦਾ ਤਾਂ ਉਹ ਮੈਨੂੰ 'ਵਰਿਆਮ ਜੀ' ਆਖ ਕੇ ਬਲਾਉਂਦਾ। ਉਹਨੂੰ ਸ਼ਾਇਦ ਯਾਦ ਵੀ ਨਹੀਂ ਕਿ ਕਦੇ ਇਸੇ ਬੰਦੇ ਨੂੰ ਮੈਂ ਕਵਿਤਾ ਲਖਵਾਈ ਸੀ।

ਇਸੇ ਦੌਰ ਵਿਚ ਹਾਸ ਵਿਅੰਗ ਦੇ ਖੇਤਰ ਵਿਚ ਇਕ ਹੋਰ ਨਾਂਅ ਆਇਆ ਚੰਨਣ ਸਿੰਘ 'ਚਮਨ' ਹਰਿਗੋਬਿੰਦਪੁਰੀ। ਪਤਾ ਨਹੀਂ ਪਹਿਲੇ ਚਮਨ ਅਤੇ ਦੂਸਰੇ ਚਮਨ ਦਾ ਤਖਲਸ ਇਕ



Namdhari Elibrary NamdhariElibrary@gmail.com

ਹੋਣ ਪਿਛੇ ਕੋਈ ਕਹਾਣੀ ਹੋਵੇ ਜਾਂ ਨਾ ਪਰ ਚਮਨ ਹਰਿਗੋਬਿੰਦਪੁਰੀ ਪੰਜਾਬੀ ਸਟੇਜਾਂ ਦਾ ਸ਼ਿੰਗਾਰ ਬਣ ਗਿਆ। ਹੁਣ ਚਮਨ ਦਾ ਅਰਥ ਚੰਨਣ ਸਿੰਘ ਚਮਨ ਹਰਿਗੋਬਿੰਦਪੁਰੀ ਹੋ ਗਿਆ। ਪੜ੍ਹਿਆ ਲਿਖਿਆ, ਸਕੂਲ ਦਾ ਪ੍ਰਿੰਸੀਪਲ ਲੰਮ-ਸਲੰਮਾ ਚਮਨ ਜਦ ਸਟੇਜ ਤੇ ਆਉਂਦਾ ਤਾਂ ਲੋਕ ਪਹਿਲਾਂ ਹੀ ਹੱਸ ਪੈਂਦੇ। ਉਹ ਅੱਧਾ ਫਿਕਰਾ ਬੋਲਦਾ ਤਾਂ ਅੱਧਾ ਆਪ ਲੋਕੀ ਪੂਰਾ ਕਰ ਦਿੰਦੇ। ਜਦੋਂ ਕਵੀ ਦਰਬਾਰਾਂ ਦਾ ਜਲੌਅ ਘੱਟ ਗਿਆ ਤਾਂ ਚਮਨ ਹਰਿਗੋਬਿੰਦਪੁਰੀ ਦਾ ਕਿਸੇ ਵੀ ਦਰਬਾਰ ਵਿਚ ਪੁਜਣਾ ਹੀ ਕਵੀ ਦਰਬਾਰ ਦੀ ਸਫਲਤਾ ਦੀ ਗਾਰੰਟੀ ਬਣ ਗਿਆ। ਉਹਦੇ ਧੀਮੇ ਤੇ ਸੁਰੀਲੇ ਬੋਲਾਂ 'ਚ ਹਾਸੇ ਤੇ ਮੁਸਕਰਾਹਟਾਂ ਉਗਮਦੇ ਪਰ ਉਹ ਗੰਭੀਰ ਗੱਲ ਵੀ ਕਹਿੰਦਾ। ਇਤਿਹਾਸ ਦੇ ਕਈ ਖੂਨੀ ਪ੍ਰਸੰਗ ਉਸਨੇ ਹਾਸ ਵਿਅੰਗ ਦੀ ਪੁੱਠ ਚਾੜ, ਕੇ ਬਿਆਨ ਕੀਤੇ ਹਨ। ਬਹੁਤ ਸੰਖੇਪ ਸ਼ਬਦਾਂ ਵਿਚ ਉਹ ਵੱਡੀ ਗੱਲ ਕਹਿ ਜਾਂਦਾ ਹੈ। ਉਸਦਾ ਇਕ ਸ਼ੇਅਰ ਹੈ :-

ਬੇਈਮਾਨੀ ਦੀ ਆਰਤੀ ਕਰਨ ਲੋਕੀਂ
ਜਿਸ ਦੇ ਹੱਥ ਆਉਂਦਾ ਓਹੀ ਘੁੱਟ ਜਾਂਦਾ
ਰਿਸ਼ਵਤ ਲੈਂਦਿਆਂ ਫੜਿਆ ਜਾਏ ਜਿਹੜਾ
ਰਿਸ਼ਵਤ ਦੇ ਦੇਵੇ ਫੌਰਨ ਛੁੱਟ ਜਾਂਦਾ

ਚਮਨ ਹਰਿਗੋਬਿੰਦਪੁਰੀ ਨਾਲ ਕਾਫੀ ਵਾਹ ਰਿਹਾ ਹੈ। ਨਾਮਧਾਰੀ ਦਰਬਾਰ ਦੇ ਇਤਿਹਾਸਕ ਕਵੀ ਦਰਬਾਰਾਂ ਵਿਚ ਉਹ ਆਇਆ ਹੈ ਅਤੇ ਬਹੁਤ ਵਾਰ ਇਹਨਾਂ ਕਵੀ ਦਰਬਾਰਾਂ ਦੇ ਸੰਚਾਲਨ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ। ਜਲੰਧਰ ਵਿਚ ਵੀ ਉਹ ਸ. ਸੰਤੋਖ ਸਿੰਘ ਸਫਰੀ ਦੇ ਕਵੀ ਦਰਬਾਰਾਂ ਵਿਚ ਅਕਸਰ ਮਿਲਦਾ ਹੈ।

ਪਰ ਜਗਜੀਤ ਸਿੰਘ ਚਮਨ ਡੱਲੇ ਪਿੰਡ ਵਾਲੇ ਦਾ ਮਿਲਣ ਗਿਲਣ ਘਟਨਾ ਗਿਆ ਅਤੇ ਅੰਤ ਤੇ ਇਹ ਵੀ ਪਤਾ ਨਾ ਰਿਹਾ ਕਿ ਉਹ ਹੈ ਜਾਂ ਨਹੀਂ। ਥੋਹੜੇ ਦਿਨ ਹੋਏ ਮੇਰੇ ਦਫਤਰ ਵਿਚ ਇਕ ਪਤਲਾ ਪਤੰਗ ਮਨੁੱਖ ਦਾ ਪਰਛਾਵਾਂ ਜਿਹਾ ਖਾਮੋਸ਼ੀ ਵਿਚ ਸਰਕਦਾ ਹੋਇਆ ਆਇਆ। ਲਗਾ ਜਿਵੇਂ ਕਬਰਾਂ ਵਿਚੋਂ ਉਠ ਕੇ ਜਗਜੀਤ ਸਿੰਘ ਚਮਨ ਆ ਗਿਆ ਹੈ। ਜਗਜੀਤ ਸਿੰਘ ਚਮਨ ਹੁਣ ਤੀਸਰੀ ਸਦੀ ਦੇ ਤੀਜੇ ਡੰਡੇ ਤੇ ਹੈ। ਸੰਨ ੧੮੯੮ ਵਿਚ ਉਹਦਾ ਜਨਮ ਹੋਇਆ। ਵੀਹਵੀਂ ਸਦੀ ਪੂਰੀ ਹੰਡਾ ਕੇ ਹੁਣ ਉਸਦੀ ਤੀਸਰੀ ਸ਼ਤਾਬਦੀ ਸ਼ੁਰੂ ਹੋ ਗਈ ਹੈ। ੨੦੦੩ ਵਿਚ ਉਹ ਇਕ ਸੌ ਪੰਜ ਸਾਲ ਦਾ ਹੋ ਗਿਆ ਹੈ। ਆਪਣੇ ਪੈਰੀਂ ਤੁਰ ਕੇ ਆਇਆ। ਉਹਦੇ ਪਾਸ ਅਜੇ ਵੀ ਗੱਲਾਂ ਦਾ ਅਮੁੱਕ ਖਜ਼ਾਨਾ ਹੈ ਗੱਲਾਂ ਸਾਹਿਤਕ ਵੀ, ਰਾਜਨੀਤਕ ਵੀ, ਇਤਿਹਾਸਕ ਵੀ ਉਹਦੇ ਮੂੰਹ 'ਚੋਂ ਨਿਕਲਦੀਆਂ ਹੀ ਆਉਂਦੀਆਂ ਹਨ। ਉਹਦਾ ਵਿਅੰਗ ਬਦੋ ਬਦੀ ਪ੍ਰਗਟ ਹੋ ਜਾਂਦਾ ਹੈ। ਉਹਨੇ ਪਰਵਚਨਾਂ ਦੇ ਵੇਗ ਵਿਚ ਜੀਂਦ ਰਾਜੇ ਦੀ ਧੀ ਦੀ ਕਹਾਣੀ ਸੁਣਾਈ, ਜਿਸਨੂੰ ਮਾਰਨ ਦਾ ਹੁਕਮ ਹੋ ਗਿਆ ਪਰ ਉਹ ਬਾਦ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮਾਂ ਬਣੀ।

ਚਮਨ ਆਪਣੀ ਰੌਅ ਵਿੱਚ ਸੁਣਾਈ ਜਾ ਰਿਹਾ ਸੀ ਮੈਂ ਸੁਣੀ ਜਾ ਰਿਹਾ ਸਾਂ।

ਕੁੱਤੇ ਨੂੰ ਕਿਸੇ ਆਖਿਆ ਕੁੱਤਾ
ਸੁਣ ਕੇ ਬੋਲਿਆ ਕੁੱਤਾ
ਖਬਰਦਾਰ ਮੈਨੂੰ ਕੁੱਤਾ ਸਦਦੈਂ
ਸੁਣ ਬੰਦੇ ਦਿਆਂ ਪੁੱਤਾ
ਮੈਂ ਮਾਲਕ ਦੇ ਦਰ ਤੇ
ਸਾਰੀ ਰਾਤ ਜਾਗਦਾ ਰਹਿਣਾ
ਤੂੰ ਮਾਲਕ ਨੂੰ ਯਾਦ ਨਈਂ ਕਰਦਾ
ਰਾਤੀਂ ਰਹਿਣਾ ਸੁੱਤਾ
ਹੋਰਾਂ ਵੈਰੀਆਂ ਧੋਖਾ ਕਰ ਕਰ
ਆਪ ਸਾਰਦੈਂ ਬੁੱਤਾ
ਬਦੀਆਂ ਕਰ ਕਰ ਥਾਣੇ ਜਾਣੈਂ
ਅਗੋਂ ਸੌ ਸੌ ਖਾਨੈਂ ਜੁੱਤਾ
ਫਿਰ ਵੀ ਤੈਨੂੰ ਸ਼ਰਮ ਨਈਂ ਆਉਂਦੀ
ਮੈਨੂੰ ਸਦਦੈਂ ਕੁੱਤਾ

ਫਿਰ ਉਸਨੇ ਦੂਸਰੀ ਰਚ ਨਾ ਵੀ ਕੁੱਤੇ ਤੇ ਕਹਿ ਸੁਣਾਈ :-

ਤੁਹਾਡੀ ਸੀ ਸਰਦਾਰੀ ਬੰਦਿਓ
ਕੁਲ ਜੂਨਾਂ ਦੇ ਉੱਤੇ
ਪਰ ਤੁਹਾਡੇ ਮੰਦੇ ਕੰਮਾਂ ਤੁਹਾਨੂੰ
ਪਾਇਆ ਰਾਹ ਕੱਸੁਤੇ
ਬੰਦੇ ਹੋ ਕੇ ਬੰਦਿਆਂ ਵਾਲੇ
ਕੰਮ ਨਹੀਂ ਕਰਦੇ ਬੰਦੇ
ਫੇਰ ਤਾਂ ਉਹਨਾਂ ਬੰਦਿਆਂ ਤੋਂ
ਲੱਖ ਦਰਜੇ ਚੰਗੇ ਕੁੱਤੇ

ਚੰਗਾ ਜੀ ਸ੍ਰਾ ਸਿਰੀ ਕਾਲ ਰਹਿ ਕੇ ਚਮਨ ਫੇਰ ਪੱਕੇ ਪੈਰੀਂ ਤੁਰਦਾ ਆਪਣੇ ਰਾਹ ਪਿਆ।


Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

© 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA




Namdhari Elibrary NamdhariElibrary@gmail.com

# ਅਸਾਧ ਰੋਗਾਂ ਤੋਂ ਪੀੜਤਾਂ ਲਈ ਚਾਨਣ ਦੀ ਕਿਰਨ—ਆਰੀਆ ਵੈਦ-ਸ਼ਾਲਾ

*—ਜਗਮੋਹਨ ਸਿੰਘ*

ਇਹ ਸੱਚ ਹੈ ਕਿ ਦੁਖੀਆਂ ਦੀ ਸਹਾਇਤਾ ਲਈ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਆਦਿ ਕਾਲ ਤੋਂ ਬਹੁੜਦਾ ਆਇਆ ਹੈ। ਇਸ ਪ੍ਰਸੰਗ ਵਿਚ ਮਾਲਾਬਾਰ ਦੇ ਖੇਤਰ ਵਿਚ ਕੋਟਾਕਲ ਨਗਰ ਦੀ ਉਹ ਆਰੀਆ ਵੈਦਸ਼ਾਲਾ ਜ਼ਿਕਰ ਯੋਗ ਹੈ ਜਿਸ ਵਿਚ ਅਨੇਕ ਪ੍ਰਕਾਰ ਦੇ ਲਾ-ਇਲਾਜ ਰੋਗਾਂ ਨੂੰ ਆਯੁਰਵੈਦਿਕ ਵਿਧੀ ਰਾਹੀਂ ਜੜ੍ਹੋਂ ਪੁੱਟਣ ਦੀ ਸਫਲ ਵਿਵਸਥਾ ਹੈ। ਇਹ ਵੈਦਸ਼ਾਲਾ ਅਤੇ ਇਲਾਜ ਦੀ ਵਿਧੀ ਸਾਰੇ ਸੰਸਾਰ ਵਿਚ ਪ੍ਰਸਿੱਧ ਹੋ ਚੁੱਕੀ ਹੈ ਅਤੇ ਇਸ ਇਲਾਜ-ਪ੍ਰਣਾਲੀ ਰਾਹੀਂ ਬੇਸ਼ੁਮਾਰ ਮਰੀਜ਼ ਠੀਕ ਹੋ ਚੁੱਕੇ ਹਨ। ਸ੍ਰੀ ਪੀ-ਐਸ. ਵੈਰੀਅਰ ਦੀ ਨਿਸ਼ਕਾਮ ਸਾਧਨਾ ਅਤੇ ਸੇਵਾ ਦਾ ਹੀ ਫਲ ਹੈ-ਇਹ ਇਲਾਜ ਵਿਧੀ।

ਪ੍ਰਮਾਤਮਾ ਨੇ ੧੮੬੯ ਈ. ਵਿਚ ਜਿਥੇ ਭਾਰਤ ਨੂੰ ਮਹਾਤਮਾ ਗਾਂਧੀ ਵਰਗੇ ਰਾਸ਼ਟਰ ਨਾਇਕ ਦਾ ਵਰਦਾਨ ਦਿੱਤਾ, ਉਥੇ ਨਾਲ ਹੀ ਪੀ. ਐਸ. ਵੈਰੀਅਰ ਵਰਗੇ ਨਿਸ਼ਕਾਮ ਸੇਵਕ ਦੀ ਵੀ ਬਖਸ਼ਿਸ਼ ਕੀਤੀ ਜਿਸ ਨੇ ਆਪਣੇ ਅੰਤਿਮ ਸਵਾਸਾਂ ਤੱਕ ਬੀਮਾਰ ਲੋਕਾਂ ਦੀ ਤਨਦੇਹੀ ਨਾਲ ਸੇਵਾ ਤੇ ਸੰਭਾਲ ਕੀਤੀ। ਅਨੇਕ ਸੁੱਖਣਾਂ ਮੰਨਤਾਂ ਮਨੌਤਾਂ ਨਾਲ ਪੈਦਾ ਹੋਏ ਬਾਲ ਨੇ ਜਦੋਂ ੧੬ ਮਾਰਚ ੧੮੬੯ ਨੂੰ ਮਾਂ ਕੁੰਨੀਕੁਟੀ ਦੀ ਗੋਦ ਨੂੰ ਭਾਗ ਲਾਏ ਤਾਂ ਜਿਵੇਂ ਸਾਰਾ ਮਾਲਾਬਾਰ ਵਧਾਈਆਂ ਦੇਣ ਆਣ ਢੁੱਕਾ। ਕੁਝ ਖਾਨਦਾਨੀ ਮਜਬੂਰੀਆਂ ਵੱਸ ਬਾਲ ਵੈਰੀਅਰ ਤੇ ਉਸਦੀ ਮਾਤਾ ਨੂੰ ਆਪਣੇ ਜੱਦੀ ਘਰ ਤੋਂ ਦੂਰ ਕੋਟਾਕਲ ਜਾ ਕੇ ਰਹਿਣਾ ਪਿਆ ਤੇ ਅਖੀਰ ਇਹੀ ਧਰਤੀ ਉਸਦੀ ਸਦੀਵੀ ਕਰਮਭੂਮੀ ਅਤੇ ਕਾਰਜਸ਼ਾਲਾ ਹੋ ਨਿਬੜੀ।

**ਉੱਦਮ ਦਾ ਪਿਛੋਕੜ**

ਅੱਜ ਕੇਰਲਾ ਆਯੁਰਵੈਦ ਦੇ ਪ੍ਰਾਚੀਨ ਵੈਦਿਕ ਸਿਸਟਮ ਲਈ ਸੁਪ੍ਰਸਿੱਧ ਹੈ। ਕੁਝ ਖਾਸ ਕਿਸਮ ਦੇ ਇਲਾਜਾਂ ਧਾਰਾ, ਪਿੱਜ਼ਲ ਅਤੇ ਨਵਾਰਕਜ਼ੀ ਆਦਿ ਬੀਮਾਰੀਆਂ ਦੀ ਸਫਲਤਾ ਤੋਂ ਤਾਂ ਜਾਣੇ-ਮਾਣੇ ਆਧੁਨਿਕ (ਮਹਾਰਥੀ) ਡਾਕਟਰ ਵੀ ਹੈਰਾਨ ਹਨ। ਇਸੇ ਲਈ ਦੂਰ ਦੁਰਾਡਿਓਂ ਵਿਗੜੀਆਂ ਬੀਮਾਰੀਆਂ ਵਾਲੇ ਅਨੇਕ ਮਰੀਜ਼ ਕੇਰਲਾ ਵਿਖੇ ਦੇਹ ਅਰੋਗਤਾ ਦੀ ਆਸ ਲੈ ਕੇ ਭੱਜੇ ਆਉਂਦੇ ਹਨ। ਦਰਅਸਲ, ਸਦੀ ਪੂਰਵ ਸਥਿਤੀ ਅਜਿਹੀ ਨਹੀਂ ਸੀ ਸਗੋਂ ਆਯੁਰਵੈਦਿਕ ਪ੍ਰਣਾਲੀ ਨੂੰ ਲੋਕ ਆਦਰ ਦੀ ਨਜ਼ਰ ਨਾਲ ਨਹੀਂ ਤੱਕਦੇ ਸਨ। ਐਲੋਪੈਥਿਕ ਪ੍ਰਣਾਲੀ ਹਰੇਕ ਦੀ ਖਿੱਚ ਦਾ ਕਾਰਨ ਬਣੀ ਹੋਈ ਸੀ, ਕਿਉਂਕਿ ਉਸਨੂੰ ਵਕਤ ਦੀ ਸਰਕਾਰ ਦੀ ਮੁਕੰਮਲ ਸਰਪ੍ਰਸਤੀ ਹਾਸਿਲ ਸੀ। ਦੂਜੇ ਪਾਸੇ, ਚੰਗੇ ਵੈਦਾਂ ਦੀ ਘਾਟ, ਆਯੁਰਵੈਦਿਕ ਦਵਾਈਆਂ ਦੀ ਤਿਆਰੀ ਦੀ ਜਟਿਲ ਵਿਧੀ, ਖਾਣ ਪੀਣ ਦੀਆਂ ਬੇਸ਼ੁਮਾਰ ਪਾਬੰਦੀਆਂ, ਸਰਕਾਰੀ ਬੇਰੁਖੀ ਅਤੇ ਸਾਧਾਰਨ ਲੋਕਾਂ ਦੀ ਬੇਵਸੀ ਆਯੁਰਵੈਦ ਦੇ ਨਿਘਾਰ ਦਾ ਕਾਰਨ ਸੀ। ਇਸੇ ਨਾਜ਼ਕ ਸਮੇਂ ਪੀ. ਐਸ. ਵੈਰੀਅਰ ਨੇ ਗਰੀਬਾਂ ਤੇ ਦੁਖਿਆਰਿਆਂ ਦੇ ਭਲੇ ਦੇ ਖਿਆਲ ਨਾਲ ਇਕ ਜ਼ਿਕਰ ਯੋਗ ਉਦਮ ਕਰਨ ਦਾ ਮਨ ਬਣਾਇਆ ; ਕਿਉਂਕਿ ਉਹ ਮਾਲਾਬਾਰ ਦੇ ਇਕ ਬੜੇ ਧਰਮੀ ਤੇ ਪਰੰਪਰਿਕ ਪਰਿਵਾਰ ਦੀ ਸੰਤਾਨ ਸੀ। ਪੀ. ਐਸ. ਵੈਰੀਅਰ ਨੇ ਆਪਣੇ ਇਸ ਅਤਿਅੰਤ ਸਾਹਸੀ ਅਤੇ ਵੰਗਾਰਵੇਂ ਜਤਨ ਤੋਂ ਪਹਿਲਾਂ ਕੁੰਟਨਚੇਰੀ ਵਾਸੂਦੇਵਨ ਮੂਸ ਜਿਹੇ ਪ੍ਰਬੁੱਧ ਵੈਦ ਦੀ ਰਾਹਨੁਮਾਈ ਵਿਚ ਆਯੁਰਵੈਦੀ ਪ੍ਰਣਾਲੀ ਦਾ ਗਹਿਰ ਗੰਭੀਰ ਅਧਿਐਨ ਕੀਤਾ। ਨਾ ਕੇਵਲ ਉਸ ਸਿਸਟਮ ਦਾ ਹੀ ਜਿਸ ਨੂੰ ਉਨ੍ਹਾਂ ਨੇ ਸਾਰੇ ਜੀਵਨ ਪ੍ਰਚਾਰਨਾ ਸੀ ਸਗੋਂ ਸਮਕਾਲੀ ਸਮਾਜ ਵਿਚ ਮਕਬੂਲੀਅਤ ਹਾਸਿਲ ਕਰ ਚੁੱਕੇ ਐਲੋਪੈਥਿਕ ਸਿਸਟਮ ਦੀ ਵੀ ਪੂਰਨ ਜਾਣਕਾਰੀ ਪ੍ਰਾਪਤ ਕੀਤੀ। ਅਜਿਹਾ ਗੌਰਵ ਦੀਵਾਨ ਬਹਾਦਰ ਡਾ. ਵਰਗੀਜ਼ ਨੂੰ ਮਿਲਿਆ ਜੋ ਕਿ ਉਸ ਸਮੇਂ ਦੇ ਪ੍ਰਤਿਸ਼ਠਿਤ ਸਰਜਨ ਅਤੇ ਭੌਤਿਕ ਵਿਗਿਆਨੀ ਸਨ।

ਆਰਯ ਵੈਦਯਾਸ਼ਾਲਾ ਅੱਜ ਕੌਮੀ ਤੇ ਕੌਮਾਂਤਰੀ ਪੱਧਰ ਤੇ ਵਿਖਿਆਤ ਹੋ ਚੁੱਕੀ ਆਰਯ ਵੈਦਯਾ ਸ਼ਾਲਾ ਕੋਟਾਕਲ ਦਾ ਸ਼ੁਭ ਮਹੂਰਤ ਵਿਜੇ ਦਸਮੀ ਦੇ ਦਿਹਾੜੇ ੧੨ ਅਕਤੂਬਰ ੧੯੦੨ ਨੂੰ ਕੀਤਾ ਗਿਆ। ਬਦੀ ਉਪਰ ਨੇਕੀ ਦੀ ਜਿੱਤ ਦੇ ਪ੍ਰਤੀਕ ਦੁਸਹਿਰੇ ਤੇ ਆਯੁਰਵੈਦਿਕ ਦਵਾਈਆਂ ਦੇ ਨਿਰਮਾਣ ਅਤੇ ਵੰਡ ਦਾ ਸਨਿਮਰ ਸਿਲਸਿਲਾ ਆਰੰਭਦਿਆਂ ਸ੍ਰੀ ਪੀ. ਐਸ. ਵੈਰੀਅਰ ਦੇ ਮਨ ਵਿਚ ਕੋਈ ਤੌਖਲਾ ਨਹੀਂ ਸੀ ਅਤੇ ਇਹ ਸ਼ੁਭ ਆਰੰਭ ਜੱਦੀ ਘਰ ਦੇ ਐਨ ਨੇੜੇ ਇਕ ਛੋਟੀ ਜਿਹੀ ਇਮਾਰਤ ਵਿਚ ਕੀਤਾ ਗਿਆ। ਖੂਨ ਪਸੀਨਾ ਇਕ ਕਰ ਦੇਣ ਵਾਲੇ ਇਸ ਸਿਦਕੀ ਜਿਊੜੇ ਨੇ ੧੯੪੪ ਵਿਚ ਅੰਤਿਮ ਸਵਾਸ ਲੈਣ ਵੇਲੇ ਤੱਕ ਕਦੇ ਵੀ ਕੋਈ ਮੌਕਾ ਅਜਿਹਾ ਨਹੀਂ ਆਉਣ



Namdhari Elibrary NamdhariElibrary@gmail.com

ਦਿੱਤਾ ਕਿ ਕੋਈ ਵੀ ਦਵਾਈ ਸ਼ੁੱਧਤਾ ਅਤੇ ਗੁਣਾਂ ਦੇ ਪੱਖੋਂ ਉਣੀ ਰਹਿ ਜਾਵੇ। ਆਪਣੀ ਵਿਅਕਤੀਗਤ ਅਗਵਾਈ ਅਧੀਨ ਤਿਆਰ ਕਰਵਾਈ ਹਰ ਦਵਾਈ ਸਮਰੱਥਾ ਪੱਖੋਂ ਪਰਿਪੂਰਨ ਹੋ ਨਿਬੜਦੀ। ਇਸ ਆਪਣੇ ਕਸਬ ਨੂੰ ਆਪਣੀ ਔਲਾਦ ਜਿਹਾ ਮੋਹ ਤੇਹ ਕਰਨ ਵਾਲੇ ਵੈਰੀਅਰ ਦਾ ਆਯੁਰਵੈਦੀ ਪ੍ਰਣਾਲੀ ਵਿਚ ਸਾਨੀ ਢੂੰਡਣਾ ਬੇਹੱਦ ਕਠਿਨ ਹੋਵੇਗਾ, ਜਿਨ੍ਹਾਂ ਨੇ ਇਸ ਨਵੇਂ ਮੀਲ ਪੱਥਰ ਗੱਡਣ ਦੀ ਭੂਮਿਕਾ ਨਿਭਾਈ।

ਇਕ ਛੋਟੇ ਜਿਹੇ ਅਦਾਰੇ ਵਜੋਂ ਆਰੰਭੇ ਜਤਨ ਛੇਤੀ ਹੀ ਬੜੇ ਸੌੜੇ ਜਾਪਣ ਲੱਗ ਪਏ, ਕਿਉਂਕਿ ਲੋੜਵੰਦ ਮਰੀਜ਼ਾਂ ਦੇ ਖ਼ਤ ਪੱਤਰ ਅਤੇ ਦਵਾਈਆਂ ਦੀ ਮੰਗ ਬਹੁਤ ਤੇਜ਼ੀ ਨਾਲ ਵਧ ਰਹੀ ਸੀ। ਛੇਤੀ ਹੀ ਸ੍ਰੀ ਵੈਰੀਅਰ ਨੂੰ ਆਪਣਾ ਸੰਸਥਾਪਣ ਵਧਾਉਣਾ ਪਿਆ ਅਤੇ ਦਵਾਈਆਂ ਦੇ ਇਲਾਜ ਦੀ ਕਿਸਮ ਵੀ ਕਈ ਪ੍ਰਕਾਰੀ ਕਰਨੀ ਪਈ। ਇਕ ਪੇਂਡੂ ਕਲੀਨਿਕ ਵਜੋਂ ਸ਼ੁਰੂ ਹੋਈ ਆਰਯ ਵੈਦਯਸ਼ਾਲਾ ਛੇਤੀ ਹੀ ਹੋਰ ਆਕਾਰਵੰਤ ਹੋਣ ਲੱਗੀ। ਇਸ ਆਧੁਨਿਕ ਸਮਿਆਂ ਵਿਚ ਆਯੁਰਵੈਦਿਕ ਇਲਾਜ ਵਿਧੀ ਪ੍ਰਤਿ ਆਮ ਲੋਕਾਂ ਦੀ ਜਿਗਿਆਸਾ ਪ੍ਰਚੰਡ ਹੋਣ ਲੱਗੀ। ਇਸ ਗੱਲ ਵਿਚ ਬਿਲਕੁਲ ਵੀ ਅਤਿਕਥਨੀ ਨਹੀਂ ਕਿ ਸ੍ਰੀ ਪੀ. ਐਸ. ਵੈਰੀਅਰ ਦੱਖਣੀ ਭਾਰਤ ਵਿਚ ਆਯੁਰਵੇਦ ਦੇ ਮੁਕਤੀਦਾਤਾ (ਰੱਖਿਅਕ) ਆਖੇ ਜਾ ਸਕਦੇ ਹਨ, ਜਿਨ੍ਹਾਂ ਨੇ ਆਮ ਲੋਕਾਂ ਵਿਚ ਇਸ ਪ੍ਰਾਚੀਨ ਵਿਧੀ ਲਈ ਸਹੀ ਚੇਤਨਾ ਅਤੇ ਲਗਾਓ ਪੈਦਾ ਕੀਤਾ। ਸਮੁੱਚੇ ਦੱਖਣ ਵਿਚ ਉਹ ਇਕੱਲੇ ਸੱਜਣ ਹਨ ਜਿਨ੍ਹਾਂ ਨੇ ਵਿਧੀ ਅਧੀਨ ਮਰੀਜ਼ਾਂ ਦਾ ਸਹੀ ਇਲਾਜ ਕਰਕੇ ਅਤੇ ਆਧੁਨਿਕ ਦਵਾਈਆਂ ਬਣਵਾ ਕੇ ਦੂਜੀਆਂ ਇਲਾਜ ਪ੍ਰਣਾਲੀਆਂ ਵਿਚ ਜ਼ਿਕਰਯੋਗ ਸਥਾਨ ਹਾਸਲ ਕੀਤਾ। ਸ੍ਰੀ ਵੈਰੀਅਰ ਨੂੰ ਦਹਾਕੇ ਉਪਰੰਤ ਹੀ ਨਵੀਆਂ ਸ਼ਾਖਾਵਾਂ ਖੋਲ੍ਹਣ ਦੀ ਲੋੜ ਮਹਿਸੂਸ ਹੋਣ ਲੱਗੀ। ੧੯੧੬ ਵਿਚ ਕਾਲੀਕੱਟ ਅਤੇ ੧੯੩੨ ਵਿਚ ਪਾਲ ਘਾਟ ਵਿਖੇ ਨਵੀਆਂ ਸ਼ਾਖਾਵਾਂ ਹੋਂਦ ਵਿਚ ਆ ਗਈਆਂ, ਪ੍ਰੰਤੂ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ (੧੯੪੪) ਤਿਉਰ, (੧੯੪੯) ਪਾਲਘਾਟ, (੧੯੫੭) ਅਰਨੇਕਲਮ, (੧੯੫੭) ਤ੍ਰਿਵੇਂਦਰਮ, (੧੯੫੯) ਅਲਵਾਇ, (੧੯੬੨) ਕੋਟਾਕਲ ਬਾਜ਼ਾਰ, (੧੯੬੩) ਮਦਰਾਸ, (੧੯੬੮) ਕਾਲਕੱਟ, (੧੯੭੨) ਕੈਨੋਰ, (੧੯੭੫) ਕਾਇੰਬਟੂਰ, (੧੯੭੬) ਨਵੀਂ ਦਿੱਲੀ, (੧੯੮੨) ਅਤੇ (੧੯੯੬) ਕਲਕੱਤਾ ਵਿਖੇ ਹੋਰ ਸ਼ਾਖਾਵਾਂ ਤੇ ਸੇਲ ਡਿਪੂ ਖੋਲ੍ਹੇ ਗਏ ਹਨ। ਸਾਰੀਆਂ ਸ਼ਾਖਾਵਾਂ ਬੜਾ ਹੰਢੇ ਵਰਤੇ ਤੇ ਤਜਰਬਾਕਾਰ ਡਾਕਟਰਾਂ ਦੀ ਦੇਖ ਰੇਖ ਵਿਚ ਚੱਲ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਇਸ ਵੇਲੇ ਪੂਰੇ ਦੇਸ਼ ਤੇ ਵਿਦੇਸ਼ ਵਿਚ ਪੰਜ ਸੌ ਦੇ ਕਰੀਬ ਏਜੰਸੀਆਂ ਕਾਰਜਸ਼ੀਲ ਹਨ ਜਿਥੇ ਨਾ ਕੇਵਲ ਲੋੜਵੰਦ ਮਰੀਜ਼ਾਂ ਨੂੰ ਡਾਕਟਰੀ ਸਲਾਹ ਹੀ ਮੁਹੱਈਆ ਕਰਵਾਈ ਜਾਂਦੀ ਹੈ ਸਗੋਂ ਦਵਾਈਆਂ ਵੀ ਉਪਲਬੱਧ ਕਰਵਾਈਆਂ ਜਾਂਦੀਆਂ ਹਨ। ਮਲੇਸ਼ੀਆ ਅਤੇ ਸਿੰਗਾਪੁਰ ਆਦਿ ਦੇਸ਼ਾਂ ਵਿਚ ਵੀ ਇਸ ਵਿਧੀ ਰਾਹੀ ਇਲਾਜ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ।

**ਆਯੁਰਵੈਦਾ ਕਾਲਜ**

ਸ੍ਰੀ ਪੀ. ਐਸ. ਵੈਰੀਅਰ ਬੜੇ ਦੂਰ-ਅੰਦੇਸ਼ ਅਤੇ ਜ਼ਹੀਨ ਬੁੱਧ ਵਿਅਕਤੀ ਸਨ। ਉਨ੍ਹਾਂ ਨੇ ਅਨੁਭਵ ਕਰ ਲਿਆ ਸੀ ਕਿ ਆਯੁਰਵੇਦ ਦੀ ਲੋਕਪ੍ਰਿਯਤਾ ਲਈ ਨਿਪੁੰਣ ਵੈਦਾਂ ਦੀ ਸਖ਼ਤ ਲੋੜ ਹੋਵੇਗੀ। ਉਨ੍ਹਾਂ ਦਿਨਾਂ ਵਿਚ ਸ਼ਾਸਤਰਾਂ ਅਨੁਸਾਰ ਅਗਲੀ ਸਿੱਖਿਆ ਦ੍ਰਿੜਾਉਣ ਜਾਂ ਬਾਕਾਇਦਾ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ। ਇਸ ਲਈ, ਸ੍ਰੀ ਵੈਰੀਅਰ ਨੇ ਰਾਜ ਦੇ ਸਾਰੇ ਆਯੁਰਵੈਦੀ ਮਾਹਿਰਾਂ ਦੀ ਇਕ ਸਭਾ ਬਣਾਈ ਜਿਸ ਦਾ ਨਾਂ 'ਆਰੀਯ ਵੈਦਯਾ ਸਮਾਜਮ' ਰੱਖਦਿਆ ੧੯੦੭ ਵਿਚ ਇਸ ਨੂੰ ਰਜਿਸਟਰਡ ਕਰਵਾ ਦਿੱਤਾ। ਸਭਾ ਸਮੇਂ ਸਮੇਂ ਮੀਟਿੰਗਾਂ ਕਰਦੀ ਰਹੀ ਤਾਂ ਜੋ ਵਿਦਿਆਰਥੀਆਂ ਵਿਚ ਇਸ ਪ੍ਰਣਾਲੀ ਪ੍ਰਤੀ ਲਗਾਓ ਪੈਦਾ ਕੀਤਾ ਜਾ ਸਕੇ। ਫਲਸਰੂਪ, ੧੯੧੭ ਵਿਚ ਕਾਲੀਕੱਟ ਵਿਚ ਆਯੁਰਵੇਦ ਪਾਠਸ਼ਾਲਾ (ਆਯੁਰਵੈਦਿਕ ਕਾਲਜ) ਦਾ ਮੁੱਢ ਬੱਝਿਆ ਜਿਸ ਦੀ ਮੁਕੰਮਲ ਦੇਖ ਰੇਖ ਆਰਯ ਵੈਦਯਾ ਸਮਾਜਮ ਦੇ ਜ਼ਿੰਮੇ ਸੀ। ਚਾਰ ਸਾਲਾ ਕੋਰਸ ਪੂਰਾ ਕਰ ਲੈਣ ਉਪਰੰਤ ਵਿਦਿਆਰਥੀ "ਆਰਯਵੈਦਯਨ" ਦਾ ਪ੍ਰਮਾਣ ਪੱਤਰ ਪ੍ਰਾਪਤ ਕਰ ਲੈਂਦੇ ਸਨ। ਇਸ ਨੂੰ ਮਦਰਾਸ ਸਰਕਾਰ ਵਲੋਂ ਪ੍ਰਮਾਣਤਾ ਹਾਸਿਲ ਸੀ। ਪ੍ਰੰਤੂ ਜਦੋਂ ੧੯੨੪ ਵਿਚ ਕੋਟਾਕਲ ਵਿਖੇ ਆਯੁਰਵੈਦਿਕ ਚਕਿਤਸਾਸ਼ਾਲਾ ਖੁਲ੍ਹੀ ਤਾਂ ਇਸ ਨੂੰ ਕਾਲੀਕੱਟ ਤੋਂ ਕੋਟਾਕਲ ਬਦਲ ਦਿੱਤਾ ਗਿਆ। ਅੱਜ ਇਥੇ ਪੜ੍ਹਨ ਵਾਲੇ ਅਨੇਕ ਵਿਦਿਆਰਥੀ ਦੇਸ਼ ਵਿਦੇਸ਼ ਵਿਚ ਆਜ਼ਾਦਾਨਾ ਢੰਗ ਨਾਲ ਸਫਲਤਾ ਪੂਰਵਕ ਆਯੁਰਵੈਦਿਕ ਇਲਾਜ ਪ੍ਰਣਾਲੀ ਵਜੋਂ ਪ੍ਰੈਕਟਿਸ ਕਰ ਰਹੇ ਹਨ। ੧੯੭੨ ਵਿਚ ਬੀ.ਏ.ਐਮ. ਕੋਰਸ ਵੀ ਚਾਲੂ ਕਰ ਦਿੱਤਾ ਗਿਆ ਜੋ ਕਿ ਬਾਅਦ ਵਿਚ ਬੀ.ਏ. ਐਮ.ਐਸ. ਡਿਗਰੀ ਕੋਰਸ ਵਜੋਂ ਪ੍ਰਵਾਣਿਤ ਹੋਇਆ। ੧੯੭੬ ਵਿਚ 'ਆਰਯ ਵੈਦਯਾ ਸਮਾਜਮ' ਨੂੰ ਭੰਗ ਕਰਕੇ ਇਕ ਨਵੀਂ ਸਭਾ ਬਣਾਈ ਗਈ ਜਿਸ ਦਾ ਨਾਂ 'ਦਾ ਕੇਰਲਾ ਆਯੁਰਵੈਦਿਕ ਅਧਿਐਨ ਅਤੇ ਸੰਸਥਾ' ਰੱਖਿਆ ਗਿਆ ਹੈ। ਆਯੁਰਵੈਦਿਕ ਕਾਲਜ ਹੁਣ ਇਸ ਦੀ ਦੇਖ ਰੇਖ ਹੇਠ ਚੱਲ ਰਿਹਾ ਹੈ ਜਿਸ ਵਿਚ ਆਰਯ ਵੈਦਯਸ਼ਾਲਾ ਦੇ ਪੰਜ ਨੁਮਾਇੰਦਿਆਂ ਦੇ ਨਾਲ



Namdhari Elibrary NamdhariElibrary@gmail.com

ਕੇਰਲਾ ਦੇ ਸਿਹਤ ਮੰਤਰੀ, ਸਿਹਤ ਸਕੱਤਰ ਅਤੇ ਆਯੁਰਵੇਦਾ ਦੇ ਨਿਰਦੇਸ਼ਕ ਆਦਿ ਸਰਕਾਰੀ ਮੈਂਬਰ ਵੀ ਸ਼ਾਮਲ ਹਨ।

**ਆਯੁਰਵੇਦ ਹਸਪਤਾਲ**

ਕੋਟਾਕਲ ਵਿਖੇ ੧੯੨੪ ਵਿਚ ਦੂਰਦਰਸ਼ੀ ਅਤੇ ਮਾਨਵ ਸੇਵਕ ਸ੍ਰੀ ਵੈਰੀਅਰ ਵਲੋਂ ਸਥਾਪਿਤ ਆਰਯ ਵੈਦਯਾ ਚਕਿਤਸਾ ਸ਼ਾਲਾ ਅੱਜ ਇਕ ਬਹੁਤ ਵੱਡੇ ਹਸਪਤਾਲ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੈ, ਜਿਥੇ ਰੋਜ਼ਾਨਾ ਅੱਠ ਸੌ ਤੋਂ ਵੀ ਜ਼ਿਆਦਾ ਬਾਹਰਲੇ ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ। ਪਰਉਪਕਾਰੀ ਭਾਵਨਾ ਨਾਲ ਆਰੰਭੀ ਇਸ ਚਕਿਤਸਾ ਸ਼ਾਲਾ ਵਿਚ ਆਯੁਰਵੈਦਿਕ ਮਾਹਿਰਾਂ ਦੇ ਨਾਲ ਐਲੋਪੈਥਿਕ ਡਾਕਟਰਾਂ ਦੀ ਟੀਮ ਵੀ ਉਪਲਬੱਧ ਹੈ, ਜੋ ਰਲਮਿਲ ਕੇ ਰੋਗੀ ਦੇ ਰੋਗ ਨੂੰ ਜੜ੍ਹੋਂ ਕੱਟਣ ਦਾ ਤ੍ਰਾਣ ਲਾਉਂਦੇ ਹਨ। ਜੱਚਾ ਬੱਚਾ ਕੇਂਦਰ ਵਿਚ ਨਿਪੁਣ ਨਰਸਾਂ ਦੀ ਹੋਂਦ ਕਾਰਨ ਵਿਆਪਕ ਖੇਤਰ ਦੇ ਲੋਕ ਬੜੀ ਵੱਡੀ ਰਾਹਤ ਮਹਿਸੂਸ ਕਰਦੇ ਹਨ। ਇਹ ਉਹੀ ਥਾਂ ਹੈ ਜਿਥੇ ਦੂਰ ਦਰਾਜ਼ ਇਲਾਕਿਆਂ ਵਿਚ ਮਾਮੂਲੀ ਡਿਸਪੈਂਸਰੀ ਤੱਕ ਨਹੀਂ ਸੀ ਤੇ ਹੁਣ ਸ੍ਰੀ ਵੈਰੀਅਰ ਦੇ ਸੁਪਨਿਆਂ ਦੀ ਪੂਰਤੀ ਕਰ ਰਿਹਾ ਇਕ ਆਲੀਸ਼ਾਨ ਖ਼ਰੈਤੀ ਹਸਪਤਾਲ ਮੌਜੂਦ ਹੈ। ਜਿਸ ਵਿਚ ਸੌ ਮਰੀਜ਼ਾਂ ਦੇ ਦਾਖਲੇ ਅਤੇ ਰਿਹਾਇਸ਼ ਦਾ ਸੁਯੋਗ ਪ੍ਰਬੰਧ ਮੌਜੂਦ ਹੈ। ਆਧੁਨਿਕ ਲੈਬਾਰਟਰੀ ਵਿਚ ਐਕਸ-ਰੇ ਅਤੇ ਹੋਰ ਤਾਜ਼ਾ-ਤਰੀਨ ਸਭੇ ਸਹੂਲਤਾਂ ਉਪਲਬੱਧ ਹਨ। ਗਰੀਬਾਂ ਅਤੇ ਲੋੜਵੰਦਾਂ ਨੂੰ ਹਰ ਪ੍ਰਕਾਰ ਦੇ ਖਰਚ ਤੋਂ ਛੋਟ ਹਾਸਿਲ ਹੈ ਭਾਵੇਂ ਉਨ੍ਹਾਂ ਦਾ ਇਲਾਜ ਕਿੰਨਾ ਵੀ ਮਹਿੰਗਾ ਕਿਉਂ ਨਾ ਹੋਵੇ। ਹੁਣ ਇਸ ਦੇ ਨਾਲ ਨਾਲ ਵੀਹ ਬਿਸਤਰਿਆਂ ਦਾ ਕਲੀਨੀਕਲ ਖੋਜ ਵਾਰਡ ਵੀ ਆਰੰਭ ਦਿੱਤਾ ਗਿਆ ਹੈ ਤਾਂ ਜੋ ਅਲਸਰ ਅਤੇ ਹੋਰ ਭਿਆਨਕ ਬੀਮਾਰੀਆਂ ਤੋਂ ਪੀੜਤ ਰੋਗੀਆਂ ਨੂੰ ਦਾਖਲ ਕਰਕੇ ਉਨ੍ਹਾਂ ਬਾਰੇ ਡੂੰਘੀ ਖੋਜ ਕੀਤੀ ਜਾ ਸਕੇ। ਸੱਪ ਦੇ ਡੰਸਿਆਂ ਦੇ ਸਫਲ ਉਪਚਾਰ ਲਈ ਇਕ ਵੱਖਰਾ ਵਾਰਡ ਵੀ ਕਾਰਜਸ਼ੀਲ ਹੈ। ਇਸ ਸਭ ਕਾਸੇ ਦਾ ਖਰਚਾ ਆਯੁਰਵੇਦਾ ਅਤੇ ਸਿੱਧਾ ਵਿਚ ਕੇਂਦਰੀ ਖੋਜ ਕੌਂਸਲ ਉਠਾ ਰਹੀ ਹੈ।

**ਪ੍ਰਸਿੱਧੀ/ਪਹਿਚਾਣ**

ਮਾਨਵਤਾ ਦੇ ਅਨਿੰਨ ਸੇਵਕ, ਦੀਨ ਦੁਖੀਆਂ ਦੇ ਮਸੀਹਾ, ਸਭ ਨੂੰ ਅਰੋਗ ਤੱਕਣ ਦੇ ਇੱਛੁਕ, ਇਕ ਸੁਕਰਮੀ ਜਿਉੜੇ ਅਤੇ ਹੱਥੀ ਲੋਕ ਸੇਵਾ ਕਰਕੇ ਆਨੰਦ ਪ੍ਰਾਪਤ ਕਰਨ ਵਾਲੇ ਸ੍ਰੀ ਪੀ. ਐਸ. ਵੈਰੀਅਰ ਕੇਰਲਾ ਵਾਸੀਆਂ ਦੇ ਦਿਲਦਾਦਾ ਅਤੇ ਬੇਹੱਦ ਮਹਿਬੂਬ ਸੱਜਣ ਸਨ। ਉਹ ਇਕ ਸਫਲ ਵੈਦ ਵਜੋਂ ਤਾਂ ਕਾਰਜਸ਼ੀਲ ਸਨ ਹੀ, ਪ੍ਰੰਤੂ ਇਸ ਤੋਂ ਇਲਾਵਾ ਇਕ ਗਹਿਰ ਗੰਭੀਰ ਲੇਖਕ, ਕਲਾ ਪਾਰਖੂ ਰੰਗ ਕਰਮੀ ਕਲਾਤਮਿਕ ਤੇ ਸਿਰਜਣਾਤਮਿਕ ਪਰਵਿਰਤੀਆਂ ਵਾਲੇ ਅਤੇ ਨਾਟ ਮੰਡੀਆਂ ਦੇ ਸਿਰਜਕ ਵਜੋਂ ਵੀ ਤਨ ਮਨ ਨਾਲ ਸੇਵਾ ਕਰਦੇ ਰਹੇ। ਸੰਸਕ੍ਰਿਤ ਵਿਚ ਰਚੀਆਂ ਉਨ੍ਹਾਂ ਦੀਆਂ ਦੋ ਕਿਰਤਾਂ ਬੇਹੱਦ ਉਪਯੋਗੀ ਆਖੀਆਂ ਜਾ ਸਕਦੀਆਂ ਹਨ। ਮਲਿਆਲਮ ਵਿਚ ਉਨ੍ਹਾਂ ਨੇ ਵਧੀਆ ਨਾਟਕਾਂ ਦੀ ਰਚਨਾ ਕੀਤੀ ਤੇ ਪੀ. ਐਸ. ਵੈਰੀਅਰ ਨਾਟਕੀ ਮੰਡਲੀ ਬਣਾ ਕੇ ਇਨ੍ਹਾਂ ਨੂੰ ਖਿਡਵਾਇਆ ਵੀ। ਦਰਅਸਲ, ਕਿਸੇ ਵਿਚਾਰ ਦੇ ਕਾਮਯਾਬ ਪ੍ਰਚਾਰ ਲਈ ਨਾਟਕ ਜਿੰਨਾ ਸਫਲ ਮਾਧਿਅਮ ਹੋਰ ਕੋਈ ਨਹੀਂ ਹੋ ਸਕਦਾ। ਇਹੀ ਕੱਥਾਕਲੀ ਦੀ ਹਰਮਨ ਪਿਆਰਤਾ ਲਈ ਵੀ. ਪੀ. ਐਸ. ਵੀ. ਨਾਟਯਸੰਗਮ ਦੀ ਸਥਾਪਨਾ ਕੀਤੀ ਜਿਸ ਦੇ ਤਹਿਤ ਦੇਸਾਂ ਵਿਦੇਸ਼ਾਂ ਵਿਚ ਅਨੇਕ ਸਟੇਜ ਪ੍ਰੋਗਰਾਮ ਕੀਤੇ ਜਾਂਦੇ ਹਨ। ਤਨਾਂ ਦਾ ਉਪਚਾਰਕ ਮਨਾਂ ਅਤੇ ਆਤਮਾਵਾਂ ਦੀ ਭਰਪੂਰਤਾ ਲਈ ਵੀ ਐਨੇ ਜੁਗਾੜ ਕਰ ਸਕਦੇ ਹਨ–ਇਹ ਕਿਸੇ ਨੇ ਸਿੱਖਣਾ ਹੋਵੇ ਤਾਂ ਸ੍ਰੀ ਵੈਰੀਅਰ ਤੋਂ ਵਧੀਆ ਸਾਖਿਆਤ ਉਦਾਹਰਣ ਸ਼ਾਇਦ ਕੋਈ ਹੋਰ ਉਸਨੂੰ ਨਾ ਨਜ਼ਰ ਆ ਸਕੇ।

ਇਨ੍ਹਾਂ ਜ਼ਿਕਰ ਯੋਗ ਪ੍ਰਾਪਤੀਆਂ ਕਾਰਨ ਅਤੇ ਪ੍ਰਾਚੀਨ ਆਯੁਰਵੈਦਿਕ ਵਿਗਿਆਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਆਜੀਵਨ ਸੰਘਰਸ਼ਸ਼ੀਲ ਰਹੇ ਸ੍ਰੀ ਪੀ. ਐਸ. ਵੈਰੀਅਰ ਨੂੰ ਹਿੰਦ ਦੇ ਗਵਰਨਰ ਜਨਰਲ ਨੇ ਵਾਇਸਰਾਇ ਵਲੋਂ 'ਵੈਦਯਾ ਰਤਨਾ' ਜਿਹਾ ਉੱਚ ਖਿਤਾਬ ਦੇ ਕੇ ਸਨਮਾਨਿਆ ਗਿਆ ਸੀ। ਪਰ ਸਦੀਵੀ ਵਿਛੋੜੇ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਆਰੰਭੇ ਕਾਰਜ ਦੇ ਨਿਰਵਿਘਨ ਚਲਦੇ ਰਹਿ ਸਕਣ ਲਈ ਇਕ ਅਜਿਹੀ ਵਸੀਅਤ ਕੀਤੀ ਜਿਸ ਨਾਲ ਇਹ ਅਦਾਰਾ ਲਾਇਕ, ਨਿਸ਼ਕਾਮ, ਤਜਰਬਾਕਾਰ ਅਤੇ ਸੁਘੜ ਸਿਆਣੇ ਟਰੱਸਟੀਆਂ ਦੀ ਦੇਖ ਰੇਖ ਵਿਚ ਦਿਨ ਦੁਗਣੀ ਅਤੇ ਰਾਤ ਚੋਗੁਣੀ ਤਰੱਕੀ ਕਰ ਸਕੇ। ਮਾਨਵਤਾ ਦੀ ਸੇਵਾ ਲਈ ਆਰੰਭੀ ਆਰਯ ਵੈਦਯਾਸ਼ਾਲਾ ਅਤੇ ਆਰਯ ਵੈਦਯਾ ਹਸਪਤਾਲ ਅੱਜ ਉਸੇ ਨੇਕ ਭਾਵਨਾ, ਸੇਵਾ ਸਮਰਪਣ ਅਤੇ ਨਿਸਵਾਰਥਤਾ ਨਾਲ ਦੁਖਿਆਰਿਆਂ ਦਾ ਦੁੱਖ ਹਰਨ ਲਈ ਜਤਨਸ਼ੀਲ ਹਨ, ਜਿਸ ਭਾਵਨਾ ਨੂੰ ਲੈ ਕੇ ਸ੍ਰੀ ਵੈਰੀਅਰ ਇਸ ਪਿੜ ਵਿਚ ਨਿਤਰੇ ਸਨ। ਉਰਦੂ ਦਾ ਇਹ ਸ਼ਿਅਰ ਇਥੇ ਬੜਾ ਢੁਕਵਾਂ ਜਾਪਦਾ ਹੈ।

ਹਰ ਦੌਰ ਕੇ ਮੱਲਾਹ ਹਮੇਂ ਯਾਦ ਕਰੇਂਗੇ
ਸਾਹਿਲ ਪੇ ਐਸੇ ਨਿਸ਼ਾਂ ਛੋੜ ਦੇਂਗੇ ਹਮ।

# ਖ਼ਬਰਨਾਮਾ

## ਅਨਜਾਣ ਜੀ ਦੇ ਘਰ ਰੌਣਕਾਂ

ਸ. ਤਾਰਾ ਸਿੰਘ ਅਨਜਾਣ ਸਾਹਿਤਕ ਹਲਕਿਆਂ ਅਤੇ ਨਾਮਧਾਰੀ ਜਗਤ ਵਿੱਚ ਪ੍ਰਸਿਧ ਨਾਮ ਹੈ। ਵਿਦਿਆ ਨਾਲ ਜੁੜੀ ਕੇਂਦਰੀ ਸਰਕਾਰ ਦੀ ਇਕ ਏਜੰਸੀ ਵਿੱਚ ਉਹ ਨੌਕਰੀ ਕਰਦੇ ਹਨ। ਪ੍ਰੋਫੈਸਰ ਹਨ। ਉਸਤਾਦਾਂ ਦੇ ਪ੍ਰੋਫੈਸਰ। ਸੈਮੀਨਾਰਾਂ ਦਾ ਆਯੋਜਨ ਕਤਾਬਾਂ ਨੂੰ ਕੋਰਸਾਂ ਵਿੱਚ ਲਾਉਣ, ਲਿਖਣ ਲਿਖਵਾਉਣ, ਪੇਪਰ ਸੈਟ ਕਰਨ ਅਤੇ ਹੋਰ ਬਹੁਤ ਸਾਰੇ ਕਾਰਜ ਉਹਨਾਂ ਮੋਢਿਆਂ ਤੇ ਚੁੱਕ ਹੋਏ ਹਨ। ਲੰਮੇ ਸਮੇਂ ਤੋਂ ਉਹ ਦਿਲੀ ਵਿੱਚ ਪੰਜਾਬੀ ਦੀ ਦਸ਼ਾ ਤੇ ਦਿਸ਼ਾ ਸੁਧਾਰਨ ਵਾਸਤੇ ਜਤਨਸ਼ੀਲ ਰਹੇ ਹਨ। ਉਹਨਾਂ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ, ਦਿਲੀ ਦੀ ਸਾਹਿਤ ਅਕੈਡਮੀ ਵਿੱਚ ਵੀ ਉਹਨਾਂ ਦੀ ਸਤਿਕਾਰਯੋਗ ਥਾਂ ਹੈ। ਉਹ ਬਹੁਤ ਕੁਝ ਹਨ। ਉਹ ਸਤਿਜੁਗ ਅਖਬਾਰ ਦੇ ਸੰਪਾਦਕ ਦੀ ਸੇਵਾ, ਕੇਵਲ ਸੇਵਾ ਵਜੋਂ ਹੀ ਕਰ ਰਹੇ ਹਨ। ਨਾਮਧਾਰੀ ਬਾਣੇ ਵਿੱਚ ਰਹਿੰਦਿਆਂ ਨਾਮਧਾਰੀ ਮਰਿਆਦਾ ਤੇ ਰਹੁ ਰੀਤ ਨੂੰ ਪਾਲ ਰਹੇ ਹਨ। ਅਮਰੀਕਾ, ਅਫਰੀਕਾ, ਇੰਗਲੈਂਡ, ਥਾਈਲੈਂਡ, ਬਰਮਾ 'ਚ ਘੁੰਮਦਿਆਂ ਵੀ ਆਪਣੀ ਖਾਣ ਪੀਣ ਵਾਲੀ ਮਰਿਆਦਾ ਕਾਇਮ ਰੱਖੀ ਹੈ। ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਨੂਰੇ ਨਜ਼ਰ ਹਨ ਅਤੇ ਸਦਾ ਸ੍ਰੀ ਭੈਣੀ ਸਾਹਿਬ ਵਿੱਚ ਸੇਵਾ ਕਾਰਜਾਂ ਲਈ ਆਉਂਦੇ ਰਹਿੰਦੇ ਹਨ।

ਪ੍ਰੋ. ਤਾਰਾ ਸਿੰਘ ਅਨਜਾਣ ਹੋਰਾਂ ਆਪਣੇ ਗ੍ਰਹਿ ਜੰਤਾ ਕਾਲੋਨੀ (ਨੇੜੇ ਰਘਬੀਰ ਨਗਰ) ਨਵੀਂ ਦਿਲੀ-੨੭ ਵਿੱਚ ਪੂਰਨ ਨਾਮਧਾਰੀ ਮਰਿਆਦਾ ਅਨੁਸਾਰ ਅਖੰਡ ਪਾਠ ਕਰਵਾਇਆ। ਅਖੰਡ ਪਾਠ ਉਹਨਾਂ ਕਾਫੀ ਚਿਰ ਤੋਂ ਚਿਤਵਿਆ ਹੋਇਆ ਸੀ ਪਰ ਪਹਿਲਾਂ ਇਹ ਉਹਨਾਂ ਦੇ ਛੋਟੇ ਸਪੁੱਤਰ ਦੇ ਅਨੰਦ ਕਾਰਜ ਨਾਲ ਜੁੜ ਜਾਣਾ ਸੀ। ਇਸ ਵਾਸਤੇ ਇਹ ਹੁਣ ਹੀ ਕਰਵਾਇਆ ਗਿਆ। ਉਹਨਾਂ ਦੇ ਘਰੋਂ ਭੈਣ ਜਸਪਾਲ ਕੌਰ ਵੀ ਸਕੂਲ ਦੀ ਅਧਿਆਪਕਾ ਹਨ ਪਰ ਇਕ ਬੀਮਾਰੀ ਕਾਰਨ ਉਹ ਰੈਗੂਲਰ ਡਾਇਲੈਸਿਸ ਤੇ ਹਨ। ਪਰ ਅਖੰਡ ਪਾਠ ਅਤੇ ਸਮਾਗਮ ਉਨਾਂ ਦੀ ਵੀ ਖਾਸ ਰੀਝ ਸੀ।

ਇਸ ਅਖੰਡ ਪਾਠ ਦਾ ਆਰੰਭ ੧੩ ਅਪ੍ਰੈਲ ਨੂੰ ਸੀ ਅਤੇ ਭੋਗ ੧੫ ਅਪ੍ਰੈਲ ਨੂੰ। ਪੂਰਣ ਸੁੱਚ ਸੋਧ ਨਾਲ ਇਹ ਪਾਠ ਰਖਿਆ ਗਿਆ। ਅਨਜਾਣ ਜੀ ਦੇ ਭਤੀਜੇ ਮਹੰਤ ਸੰਤੋਖ ਸਿੰਘ ਇਸ ਕਾਰਜ ਦੇ ਮੁਖੀ ਸਨ। ਉਹਨਾਂ ਦੀ ਦੇਖ ਰੇਖ ਵਿੱਚ ਪਾਠ ਲੰਗਰ ਅਤੇ ਹੋਰ ਪਰਬੰਧ ਚਲ ਰਹੇ ਸਨ। ਅਨਜਾਣ ਜੀ ਦੇ ਛੋਟੇ ਵੀਰ ਬਲਕਾਰ ਸਿੰਘ ਸਰਸੇ ਤੋਂ ਆ ਕੇ ਸਹਿਯੋਗ ਕਰ ਰਹੇ ਸਨ। ਇੰਗਲੈਂਡ, ਜਲੰਧਰ, ਸਿਰਸੇ ਅਤੇ ਹੋਰ ਥਾਵਾਂ ਤੋਂ ਰਿਸ਼ਤੇਦਾਰ ਅਤੇ ਮਿੱਤਰ ਜਨ ਆਏ ਹੋਏ ਸਨ। ਵਿਸ਼ੇਸ਼ ਗਲ ਇਹ ਸੀ ਕਿ ਅਨਜਾਣ ਜੀ ਖੁਦ, ਉਹਨਾਂ ਦਾ ਵਲੈਤੋਂ ਆਇਆ ਸਪੁਤਰ ਅਜੀਤ ਸਿੰਘ, ਪੋਤਰਾ ਸੁਰਿੰਦਰ ਸਿੰਘ (ਮਹੰਤ ਸੰਤੋਖ ਸਿੰਘ ਦਾ ਸਪੁਤਰ) ਸਾਰੇ ਹੀ ਸਮੇਂ ਸਮੇਂ ਪਾਠੀਆ ਧੂਪੀਆਂ ਦੀ ਡਿਊਟੀ ਨਿਭਾਉਂਦੇ ਰਹੇ।

੧੫ ਅਪ੍ਰੈਲ ਸਵੇਰੇ ਆਸਾ ਦੀ ਵਾਰ ਦਾ ਰਸ ਭਿੰਨ ਕੀਰਤਨ ਢੋਲਕ ਛੈਣਿਆਂ ਨਾਲ ਹੋਇਆ। ਜਿਸ ਵਿੱਚ ਸੰਤ ਮਨਜੀਤ ਸਿੰਘ, ਮਹੰਤ ਸੰਤੋਖ ਸਿੰਘ, ਜਗਦੀਸ਼ ਸਿੰਘ, ਤ੍ਰਲੋਕ ਸਿੰਘ, ਜਥੇਦਾਰ ਦਰਸ਼ਨ ਸਿੰਘ, ਮਹਿੰਦਰ ਸਿੰਘ ਸਮੇਤ ਜਥੇ ਨੇ ਭਾਗ ਲਿਆ। ਬਹੁਤ ਮੰਗਲਮਈ ਸਮਾਂ ਬਣਿਆ। ਵਿਧੀਵਤ ਨਾਵੇਂ ਮਾਲੇ ਦੇ ਸਲੋਕ ਪੜ੍ਹਨ ਉਪਰੰਤ ਪਾਠ ਸੰਪੂਰਨ ਹੋਣ ਦੀ ਅਰਦਾਸ ਕੀਤੀ ਗਈ।

ਖੁਲ੍ਹਾ ਦੀਵਾਨ ਗੁਰਦੁਆਰਾ ਸਿੰਘ ਸਭਾ ਜੰਤਾ ਕਲੋਨੀ ਵਿੱਚ ਸ਼ੁਰੂ ਹੋਇਆ। (ਜੰਤਾ ਕਲੋਨੀ ਅਜੇ ਪ੍ਰਸਪਰ ਪ੍ਰੇਮ ਨੂੰ ਕਾਇਮ ਰਖ ਰਹੀ ਹੈ। ਇਥੇ ਸਾਂਝੇ ਸਮਾਗਮ ਗੁਰਦੁਆਰਾ ਜਾਂ ਮੰਦਰ ਵਿੱਚ ਲੋਕ ਕਰ ਲੈਂਦੇ ਹਨ—ਮੁਬਾਰਕ) ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਵੰਤ ਸਿੰਘ ਜੀ ਨੇ ਕੀਰਤਨ ਕੀਤਾ। ਉਪਰੰਤ ਜਥੇਦਾਰ ਸੰਤ ਮਨਜੀਤ ਸਿੰਘ ਜੀ ਨੇ ਸੁਰੀਲੀਆਂ ਸੁਰਾਂ ਨਾਲ ਢੁਕਵੇਂ ਪ੍ਰਮਾਣਾ ਸਹਿਤ ਵਖਿਆਣ ਨਾਲ ਕੀਰਤਨ ਕੀਤਾ। ਢੋਲਕ ਦਾ ਸਾਥ ਜਥੇਦਾਰ ਦਰਸ਼ਨ ਸਿੰਘ ਤ੍ਰੀ ਨਗਰ ਵਾਲਿਆਂ ਵਧੀਆਂ ਢੰਗ ਨਾਲ ਦਿਤਾ। ਅੰਤ ਉਤੇ ਪ੍ਰਸਿਧ ਸੰਗੀਤਕਾਰ ਤਾਰ ਸ਼ਹਿਨਾਈ ਵਾਦਕ ਅਤੇ ਗਾਇਕ ਸੰਤ ਬਲਜੀਤ ਸਿੰਘ, ਗੁਰਮੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਤਾਰ ਸ਼ਹਿਨਾਈ ਸਾਜ਼ ਦੇ ਸਾਥ ਵਿੱਚ ਉਹਨਾਂ ਰਾਗਦਾਰੀ ਪ੍ਰਧਾਨ ਕੀਰਤਨ ਕਰਕੇ ਮਾਨੋ ਸਮਾਂ ਰੋਕ ਦਿੱਤਾ। ਏਨੀ ਸਹਿਜਤਾ, ਏਨੀ ਨਿਸ਼ਠਾ ਏਨੇ ਪ੍ਰੇਮ ਅਤੇ ਇਕਾਗਰਤਾ ਨਾਲ ਗੁਰਬਾਣੀ ਸੁਰਾਂ ਦਾ ਜਾਮਾ ਪਹਿਨ ਕੇ ਉਹਨਾਂ ਦੇ ਬੋਲਾਂ ਰਾਹੀਂ ਨਿਕਲ ਰਹੀ ਸੀ ਸ੍ਰੋਤਿਆਂ ਨੂੰ ਲਗ ਰਿਹਾ ਸੀ ਅੰਮ੍ਰਿਤ ਓਧਰੋਂ ਨਿਕਲ ਕੇ ਉਹਨਾਂ ਦੇ ਮਨਾਂ ਅੰਦਰ ਸੰਚਾਰਿਤ ਹੋ ਰਿਹਾ ਹੈ। ਸ਼ਾਂਤ ਅਨੰਦ ਮਈ ਮਹੌਲ ਵਿੱਚ ਸੰਗਤ ਝੂਮ ਰਹੀ ਸੀ। ਧੰਨਵਾਦੀ ਸ਼ਬਦਾਂ ਵਿੱਚ ਸ. ਜਗਦੀਸ਼ ਸਿੰਘ ਵਰਿਆਮ ਨੇ ਇਸ ਦੈਵੀ ਵਾਤਾਵਰਣ ਦਾ ਜ਼ਿਕਰ ਕਰਦਿਆਂ ਸੰਤ ਬਲਜੀਤ ਸਿੰਘ ਉਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦਾ ਇਤਿਹਾਸ ਵੀ ਸੁਣਾਇਆ ਅਤੇ ਉਹਨਾਂ ਦੀ ਹੋਰ ਕਾਮਯਾਬੀ ਦੀ ਕਾਮਨਾ ਵੀ ਕੀਤੀ।

ਦੀਵਾਨ ਵਿੱਚ ਪ੍ਰਸਿਧ ਵਿਦਵਾਨ ਸ੍ਰੀ ਅਮਰ ਭਾਰਤੀ ਜੀ, ਸੰਤ ਸਾਧਾ ਸਿੰਘ ਪ੍ਰਧਾਨ, ਵਰਤਮਾਨ ਹਿੰਦੁਸਤਾਨ ਦੇ


Namdhari Elibrary NamdhariElibrary@gmail.com

ਸੰਪਾਦਕ ਸ. ਸਰਬ ਸ਼ਕਤੀਮਾਨ ਸਿੰਘ, ਪ੍ਰਸਿਧ ਲੇਖਕ ਜਗਦੀਸ਼ ਕੌਸ਼ਲ, ਸ. ਸੇਵਾ ਸਿੰਘ ਫਨ ਐਂਡ ਫੂਡ ਵਿਲੇਜ ਵਾਲੇ, ਸ. ਮਨਮੋਹਣ ਸਿੰਘ ਨਾਮਧਾਰੀ ਏਜੰਸੀਜ਼, ਸ. ਚਰੰਜੀਤ ਸਿੰਘ ਨਾਮਧਾਰੀ ਸੇਲਜ਼, ਸ. ਗੁਰਭੇਜ ਸਿੰਘ ਗੁਰਾਇਆ ਐਡਵੋਕੇਟ (ਸਰਕਾਰੀ ਵਕੀਲ), ਸ. ਤਰਲੋਕ ਸਿੰਘ ਭਮਰਾ ਇੰਗਲੈਂਡ, ਸ. ਜਗਦੀਪ ਸਿੰਘ, ਸ੍ਰੀ ਰਾਜੀਵ ਚੌਧਰੀ ਅਪੋਲੋ ਹਸਪਤਾਲ ਲੁਧਿਆਣਾ ਸੰਤ ਬਲਵੰਤ ਸਿੰਘ ਬਾਲੀ ਨਗਰ, ਸੰਤ ਰਮਣੀਕ ਸਿੰਘ ਸਮੇਤ ਰਿਸ਼ਤੇਦਾਰ ਮਿੱਤਰ ਅਤੇ ਹੋਰ ਸਾਧ ਸੰਗਤ ਭਾਰੀ ਗਿਣਤੀ ਵਿਚ ਸ਼ਾਮਲ ਸੀ।

ਸ.ਹ.ਸ. ਹੰਸਪਾਲ ਰੁਝੇਵਿਆਂ ਕਾਰਨ ਇਕ ਦਿਨ ਪਹਿਲਾਂ ਹੋ ਗਏ ਸਨ। ਉਹਨਾਂ ਦਾ ਸਪੁੱਤਰ ਟਿਕਾ ਸੁਰ ਅਮ੍ਰਿਤ ਸਿੰਘ ਹਾਜ਼ਰ ਸੀ। ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਤੋਂ ਤਿਆਰ ਹੋ ਕੇ ਆਇਆ ਲੰਗਰ ਸਾਧ ਸੰਗਤ ਤੇ ਪ੍ਰੇਮ ਨਾਲ ਛਕਿਆ ਅਨਜਾਣ ਜੀ ਨੇ ਸਭ ਦਾ ਨਿਮਰਤਾ ਸਹਿਤ ਧੰਨਵਾਦ ਕੀਤਾ।

## ਰਾਮਪੁਰਾ ਫੂਲ ਦਾ ਤੀਸਰਾ ਗੁਰਮਤਿ ਸਿਖਲਾਈ ਸਮਾਗਮ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਅਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ ਵਲੋਂ ਜ਼ੋਨ ਬਠਿੰਡਾ ਦਾ ਗੁਰਮਤਿ ਸਿਖਲਾਈ ਸਮਾਗਮ ਰਾਮਪੁਰਾ ਫੂਲ ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿਚ ਨਾਮਧਾਰੀ ਵਿਦਿਅਕ ਜਥਾ ਰਾਮਪੁਰਾ ਫੂਲ, ਭਾਈਰੂਪਾ, ਗੁਰੂ ਕਾ ਕੋਠਾ, ਸੈਦੋਕੇ ਅਤੇ ਆਸ ਪਾਸ ਨਾਮਧਾਰੀ ਪਰਿਵਾਰਾਂ ਦੇ ਬੱਚਿਆਂ ਅਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਇਹ ਸਮਾਗਮ ਬੱਚਿਆਂ ਦੀ ਕਲਾ ਦੀ ਪਰਖ ਕਰਨ ਅਤੇ ਭਵਿੱਖ ਵਿਚ ਉਹਨਾਂ ਨੂੰ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਜਾਣੂ ਕਰਾਉਣ ਲਈ ਇਕ ਸਫਲ ਤਜਰਬਾ ਹੋ ਨਿਬੜਿਆ। ਸੂਬਾ ਬਲਵਿੰਦਰ ਸਿੰਘ ਜੀ ਅਤੇ ਬੀਬੀ ਸੁਖਜੀਤ ਕੌਰ ਜੀ ਵੱਲੋਂ ਰਿਬਨ ਕੱਟ ਕੇ ਸਮਾਗਮ ਦੀ ਸ਼ੁਰੂਆਤ ਕਰਨ ਉਪਰੰਤ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਜੀ ਨੂੰ ਸ਼ਹੀਦ ਵਰਿਆਮ ਸਿੰਘ ਯਾਦਗਾਰੀ ਕਮੇਟੀ ਦੇ ਪ੍ਰਧਾਨ ਲਾਭ ਸਿੰਘ, ਵਿ.ਨਾ.ਵਿ. ਜਥੇ ਦੇ ਸਕੱਤਰ ਨਵਤੇਜ ਸਿੰਘ ਜੀ ਨੂੰ ਸ੍ਰੀ ਹਰਬੰਸ ਸਿੰਘ ਸੈਦੋਕੇ, ਵਿ.ਨਾ.ਇ.ਵਿ. ਜਥੇ ਦੇ ਪ੍ਰਧਾਨ ਬੀਬੀ ਸੁਖਜੀਤ ਕੌਰ ਨੂੰ ਜਸਵੰਤ ਕੌਰ ਕੋਠਾ ਗੁਰੂ ਕਾ ਅਤੇ ਬੀਬੀ ਅਮਰਜੀਤ ਕੌਰ ਨੂੰ ਦਰਸ਼ਨ ਕੌਰ ਭਾਈ ਰੂਪਾ ਬੈਜ ਲਾ ਕੇ ਸਵਾਗਤ ਕੀਤਾ। ਰਾਮਪੁਰਾ ਫੂਲ ਦੇ ਇਸਤਰੀ ਵਿਦਿਅਕ ਜਥੇ ਦੀ ਪ੍ਰਧਾਨ ਬੀਬੀ ਰਜਵੰਤ ਕੌਰ ਨੇ ਸਵਾਗਤੀ ਭਾਸ਼ਣ ਬੋਲਿਆ ਅਤੇ ਸਟੇਜ ਨੂੰ ਸੁਖਮੰਦਰ ਸਿੰਘ ਕਲਸੀ ਨੇ ਬਾਖੂਬੀ ਸੰਭਾਲੀ ਰੱਖਿਆ।

ਇਸ ਸਮਾਗਮ ਵਿਚ ਬੱਚਿਆਂ ਦੇ ਪੂਲ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਗਿਆ। ਜਿਸ ਵਿਚ ਸਬ ਜੂਨੀਅਰ ੫ ਤੋਂ ੧੦ ਸਾਲ, ਜੂਨੀਅਰ ੧੦ ਤੋਂ ੧੬ ਸਾਲ ਅਤੇ ਸੀਨੀਅਰ ੧੬ ਤੋਂ ੩੦ ਸਾਲ ਦੀ ਉਮਰ ਤੱਕ ਸੀ। ਪ੍ਰਧਾਨ ਸੂਬਾ ਬਲਵਿੰਦਰ ਸਿੰਘ ਅਤੇ ਬੀਬੀ ਸੁਖਜੀਤ ਕੌਰ ਨੇ ਬੱਚਿਆਂ ਦੀਆਂ ਪ੍ਰਯੋਗਤਾਵਾਂ ਦਾ ਜੱਜ ਬਣਕੇ ਨਿਰੀਖਣ ਕੀਤਾ। ਇਸ ਸਮਾਗਮ ਵਿਚ ਬੀਬੀਆਂ ਨੂੰ ਮਰਿਯਾਦਾ ਮੁਤਾਬਕ ਰਸੋਈ ਦੀ ਸਾਂਭ ਸੰਭਾਲ, ਘਰ ਪਰਿਵਾਰ ਦੀ ਸਾਂਭ ਸੰਭਾਲ ਅਤੇ ਨਾਮਧਾਰੀ ਬਸਤਰਾਂ ਦੀ ਸਿਲਾਈ ਕਟਾਈ ਦੀ ਵੀ ਟ੍ਰੇਨਿੰਗ ਦਿੱਤੀ ਗਈ। ਨਾਮ ਸਿਮਰਨ ਕਰਨ, ਮਨ ਇਕਾਗਰ ਕਰਨ, ਅਰਦਾਸ ਕਰਨ, ਦਸਤਾਰ ਸਜਾਉਣ ਅਤੇ ਸਟੇਜ ਤੇ ਬੋਲਣ ਅਤੇ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਦੇ ਢੰਗ ਨੂੰ ਵੀ ਵਿਸਥਾਰ ਨਾਲ ਦੱਸਿਆ ਗਿਆ। ਇਸ ਸਮਾਗਮ ਵਿਚ ੧੪੦ ਡੇਲੀਗੇਟਾਂ ਨੇ ਹਿੱਸਾ ਲਿਆ। ਡੇਲੀਗੇਟਾਂ ਤੋਂ ਇਲਾਵਾ ਸਮਾਗਮ ਵਿਚ ਨਾਮਧਾਰੀ ਸੰਗਤ ਦਾ ਵੀ ਕਾਫੀ ਇਕੱਠ ਸੀ। ਵੱਖ-ਵੱਖ ਪ੍ਰਤੀਯੋਗਤਾਵਾਂ ਵਿਚ ਜਿਹੜੇ ਡੈਲੀਗੇਟਾਂ ਨੇ ਇਨਾਮ ਪ੍ਰਾਪਤ ਕੀਤੇ ਉਹਨਾਂ ਦੀ ਸੂਚੀ ਇਸ ਪ੍ਰਕਾਰ ਹੈ—

**ਭਾਸ਼ਣ (ਜੂਨੀਅਰ)**

ਪਹਿਲਾ ਸਥਾਨ—ਨਵਜੋਤ ਕੌਰ ਪੁਤਰੀ ਜੁਗਰਾਜ ਸਿੰਘ ਰਾਮਪੁਰਾ ਫੂਲ । ਦੂਸਰਾ ਸਥਾਨ—ਪੁਸ਼ਪਿੰਦਰ ਕੌਰ ਪੁਤਰੀ ਡਾ. ਲਖਵੀਰ ਸਿੰਘ ਰਾਮਪੁਰਾ ਫੂਲ। ਤੀਸਰਾ ਸਥਾਨ—ਹਰਪ੍ਰੀਤ ਕੌਰ ਪੁਤਰੀ ਅਵਤਾਰ ਸਿੰਘ ਰਾਮਪੁਰਾ ਫੂਲ।

ਹੌਂਸਲਾ ਵਧਾਊ—੧. ਅਮਨਦੀਪ ਸਪੁੱਤਰ ਪਰਮਜੀਤ ਸਿੰਘ ਰਾਮਪੁਰਾ।

੨. ਕੁਲਵਿੰਦਰ ਕੌਰ ਸਪੁੱਤਰੀ ਬਲਜਿੰਦਰ ਸਿੰਘ ਰਾਮਪੁਰਾ।

੩. ਰਾਜਵਿੰਦਰ ਸਿੰਘ ਸਪੁੱਤਰ ਸੁਖਮੰਦਰ ਸਿੰਘ ਰਾਮਪੁਰਾ।

**ਭਾਸ਼ਣ ਸੀਨੀਅਰ**

ਪਹਿਲਾ—ਰਘਬੀਰ ਸਿੰਘ ਸਪੁੱਤਰ ਜਸਵਿੰਦਰ ਸਿੰਘ ਰਾਮਪੁਰਾ ਫੂਲ। ਦੂਸਰਾ—ਪ੍ਰਦੀਪ ਸਿੰਘ ਸਪੁੱਤਰ ਅਵਤਾਰ ਸਿੰਘ ਰਾਮਪੁਰਾ ਫੂਲ। ਤੀਸਰਾ—ਪਰਵਿੰਦਰ ਕੌਰ ਸਪੁੱਤਰੀ ਗੁਰਦੇਵ ਸਿੰਘ ਸੈਦੋਕੇ। ਹੌਂਸਲਾ—ਕੁਲਦੀਪ ਸਿੰਘ ਸਪੁੱਤਰ ਬਿਸ਼ਨ ਸਿੰਘ ਸੈਦੋਕੇ।

**ਅਰਦਾਸ (ਸਬ ਜੂਨੀਅਰ)**

ਪਹਿਲਾ—ਪੁਸ਼ਪਿੰਦਰ ਕੌਰ ਸਪੁੱਤਰੀ ਡਾ. ਲਖਵੀਰ ਸਿੰਘ ਰਾਮਪੁਰਾ ਫੂਲ। ਦੂਸਰਾ—ਵੀਰਪਾਲ ਕੌਰ ਸਪੁੱਤਰੀ ਬਲਵੀਰ ਸਿੰਘ ਰਾਮਪੁਰਾ ਫੂਲ। ਤੀਸਰਾ—ਅਨਮੋਲ ਕੌਰ ਸਪੁੱਤਰੀ ਸ੍ਰੀ ਜੁਗਰਾਜ ਸਿੰਘ ਰਾਮਪੁਰਾ ਫੂਲ। ਹੌਸਲਾ—੧. ਸਿਮਰਨ ਕੌਰ ਸਪੁੱਤਰੀ ਡਾ. ਲਖਵੀਰ ਸਿੰਘ ਰਾਮਪੁਰਾ ਫੂਲ। ੨. ਰਾਜਵੀਰ ਕੌਰ ਸਪੁੱਤਰੀ ਬਲਵੀਰ ਸਿੰਘ ਰਾਮਪੁਰਾ ਫੂਲ।

**ਚਿਤਰਕਾਰੀ ਸਬ ਜੂਨੀਅਰ**



Namdhari Elibrary NamdhariElibrary@gmail.com

ਪਹਿਲਾ—ਬੇਅੰਤ ਕੌਰ ਸਪੁੱਤਰੀ ਸ੍ਰੀ ਹਰਬੰਸ ਸਿੰਘ ਸੈਦੋਕੇ। ਦੂਸਰਾ—ਸੰਦੀਪ ਕੌਰ ਸਪੁੱਤਰੀ ਸ੍ਰੀ ਮੇਜਰ ਸਿੰਘ ਸੈਦੋਕੇ। ਤੀਸਰਾ—ਲਖਵਿੰਦਰ ਸਿੰਘ ਸਪੁੱਤਰ ਗੁਰਜੰਟ ਸਿੰਘ ਸੈਦੋਕੇ। ਹੌਸਲਾ—ਵੀਰਪਾਲ ਕੌਰ ਸਪੁੱਤਰੀ ਸੇਵਕ ਸਿੰਘ ਸੈਦੋਕੇ।

**ਚਿਤਰਕਾਰੀ (ਜੂਨੀਅਰ)**

ਪਹਿਲਾ—ਜਗਦੀਪ ਕੌਰ ਸਪੁੱਤਰੀ ਸ੍ਰੀ ਮੇਜਰ ਸਿੰਘ ਸੈਦੋਕੇ। ਦੂਸਰਾ—ਪਰਮਜੀਤ ਸਿੰਘ ਸਪੁੱਤਰੀ ਸ੍ਰੀ ਬੋਤ ਸਿੰਘ ਸੈਦੋਕੇ। ਤੀਸਰਾ—ਅਰਵਿੰਦਰ ਕੌਰ ਸਪੁੱਤਰੀ ਸ੍ਰੀ ਬਲਜਿੰਦਰ ਸਿੰਘ ਰਾਮਪੁਰਾ ਫੂਲ। ਹੌਸਲਾ—ਵੀਰਪਾਲ ਕੌਰ ਸਪੁਤਰੀ ਸ੍ਰੀ ਬੂਟਾ ਸਿੰਘ ਰਾਮਪੁਰਾ ਫੂਲ।

**ਨਾਮ ਸਿਮਰਨ (ਸਬ ਜੂਨੀਅਰ)**

ਪਹਿਲਾ—ਸੰਦੀਪ ਕੌਰ ਸਪੁੱਤਰੀ ਮੇਜਰ ਸਿੰਘ ਸੈਦੋਕੇ। ਦੂਸਰਾ—ਅਨਮੋਲ ਸਿੰਘ ਸਪੁੱਤਰੀ ਜਗਰਾਜ ਸਿੰਘ ਰਾਮਪੁਰ ਫੂਲ। ਤੀਸਰਾ—ਰਤਨ ਸਿੰਘ ਸਪੁੱਤਰ ਰਾਮ ਸਿੰਘ ਰਾਮਪੁਰਾ ਫੂਲ। ਹੌਸਲਾ—੧. ਪ੍ਰਿਤਪਾਲ ਕੌਰ ਸਪੁੱਤਰੀ ਹਰਜੀਤ ਸਿੰਘ ਸੈਦੋਕੇ। ੨. ਹਰਦੀਪ ਕੌਰ ਸਪੁੱਤਰੀ ਮੇਜਰ ਸਿੰਘ ਸੈਦੋਕੇ।

**ਦਸਤਾਰ (ਸੀਨੀਅਰ)**

ਪਹਿਲਾ—ਰਘਬੀਰ ਸਿੰਘ ਸਪੁੱਤਰ ਜਸਵਿੰਦਰ ਸਿੰਘ ਰਾਮਪੁਰਾ ਫੂਲ। ਦੂਸਰਾ—ਪ੍ਰਦੀਪ ਸਿੰਘ ਸਪੁੱਤਰ ਅਵਤਾਰ ਸਿੰਘ ਰਾਮਪੁਰਾ ਫੂਲ। ਤੀਸਰਾ—ਸੰਦੀਪ ਸਿੰਘ ਸਪੁੱਤਰ ਸਿੰਦਰ ਸਿੰਘ ਢਪਾਲੀ। ਹੌਸਲਾ—ਲਖਵਿੰਦਰ ਸਿੰਘ ਸਪੁੱਤਰ ਗੁਰਜੰਟ ਸਿੰਘ ਸੈਦੋਕੇ।

**ਦਸਤਾਰ (ਜੂਨੀਅਰ)**

ਪਹਿਲਾ—ਭੁਪਿੰਦਰ ਸਿੰਘ ਸਪੁੱਤਰ ਮੱਖਣ ਸਿੰਘ ਰਾਮਪੁਰਾ ਫੂਲ। ਦੂਸਰਾ—ਅਮਨਦੀਪ ਸਿੰਘ ਸਪੁੱਤਰ ਪਰਮਜੀਤ ਸਿੰਘ ਰਾਮਪੁਰਾ ਫੂਲ। ਤੀਸਰਾ—ਰਮਣੀਕ ਸਿੰਘ ਸਪੁੱਤਰ ਰਾਮ ਸਿੰਘ ਰਾਮਪੁਰਾ ਫੂਲ। ਹੌਸਲਾ—ਨਿਰਮਲ ਸਿੰਘ ਸਪੁੱਤਰ ਸ੍ਰੀ ਹਰਦੇਵ ਸਿੰਘ ਰਾਮਪੁਰਾ ਫੂਲ।

**ਸ਼ੁਧ ਗੁਰਬਾਣੀ ਕੰਠ**

ਪਹਿਲਾ—ਸੁਖਪਾਲ ਸਿੰਘ ਸਪੁੱਤਰ ਹਰਜੀਤ ਸਿੰਘ ਸੈਦੋਕੇ। ਦੂਸਰਾ ਨਵਦੀਪ ਸਿੰਘ ਸਪੁੱਤਰ ਪ੍ਰਿਤਪਾਲ ਸਿੰਘ ਰਾਮਪੁਰਾ ਫੂਲ। ਤੀਸਰਾ—ਹਰਜੀਤ ਸਿੰਘ ਸਪੁੱਤਰ ਜਸਵਿੰਦਰ ਸਿੰਘ ਕੋਠਾ ਗੁਰੂ।

**ਖੇਡਾਂ**

ਗੋਲਾ ਸੁੱਟਣਾ—ਪਹਿਲਾ—ਧਰਮ ਸਿੰਘ ਸਪੁੱਤਰ ਗੁਰਮੇਲ ਸਿੰਘ ਰਾਮਪੁਰਾ ਫੂਲ। ਦੂਸਰਾ—ਸਮਿੰਦਰ ਸਿੰਘ ਸਪੁੱਤਰ ਜਗਤਾਰ ਸਿੰਘ ਭਾਈਰੂਪਾ। ਤੀਸਰਾ—ਗੁਰਭਗਤ ਸਿੰਘ ਸੁਪੱਤਰ ਸ੍ਰੀ ਹਰਦੇਵ ਸਿੰਘ ਰਾਮਪੁਰਾ ਫੂਲ।

**ਦੌੜ ੫੦ ਮੀਟਰ (ਸਬ ਜੂਨੀਅਰ)**

ਪਹਿਲਾ—ਰਮਨਦੀਪ ਸਿੰਘ ਸਪੁੱਤਰ ਹਰਬੰਸ ਸਿੰਘ ਭਾਈ ਰੂਪਾ। ਦੂਸਰਾ—ਹਰਜੀਤ ਸਿੰਘ ਸਪੁੱਤਰ ਜਸਵਿੰਦਰ ਸਿੰਘ ਕੋਠਾ ਗੁਰੂ। ਤੀਸਰਾ—ਮਲਕੀਤ ਸਿੰਘ ਸਪੁੱਤਰ ਭੁਪਿੰਦਰ ਸਿੰਘ ਦੁਲੇਵਾਲਾ।

**ਦੌੜ ੧੦੦ ਮੀਟਰ (ਜੂਨੀਅਰ)**

ਪਹਿਲਾ—ਅਮਨਦੀਪ ਸਿੰਘ ਸਪੁੱਤਰ ਪਰਮਜੀਤ ਸਿੰਘ ਰਾਮਪੁਰਾ ਫੂਲ। ਦੂਸਰਾ—ਅਮਨਦੀਪ ਸਿੰਘ ਸਪੁੱਤਰ ਨਛੱਤਰ ਸਿੰਘ ਭਾਈਰੂਪਾ। ਤੀਸਰਾ—ਗਗਨਦੀਪ ਸਿੰਘ ਸਪੁੱਤਰ ਹਰਬੰਸ ਸਿੰਘ ਭਾਈਰੂਪਾ।

**ਦੌੜ ੧੦੦ ਮੀਟਰ (ਸੀਨੀਅਰ)**

ਪਹਿਲਾ—ਸੰਦੀਪ ਸਿੰਘ ਸਪੁੱਤਰ ਸ੍ਰੀ ਸਿੰਦਰ ਸਿੰਘ ਢਪਾਲੀ। ਦੂਸਰਾ—ਪ੍ਰਦੀਪ ਸਿੰਘ ਸਪੁੱਤਰ ਅਵਤਾਰ ਸਿੰਘ ਰਾਮਪੁਰਾ ਫੂਲ। ਤੀਸਰਾ—ਪ੍ਰਿਤਪਾਲ ਸਿੰਘ ਸਪੁੱਤਰ ਬਲਵਿੰਦਰ ਸਿੰਘ ਭਾਈਰੂਪਾ।

**ਸਪੈਸ਼ਲ ਇਨਾਮ**

ਪੌਟ ਚਿਤਰਕਾਰੀ—ਜਸਪ੍ਰੀਤ ਕੌਰ ਸਪੁੱਤਰ ਭਗਵੰਤ ਸਿੰਘ ਫੂਲ ਟਾਊਨ

ਸਮਾਗਮ ਦੀ ਸਮਾਪਤੀ ਤੋਂ ਪਹਿਲਾਂ ਪ੍ਰਤੀਯੋਗਤਾਵਾਂ ਵਿਚ ਜੇਤੂ ਡੈਲੀਗੇਟਾਂ ਨੂੰ ਸੂਬਾ ਬਲਵਿੰਦਰ ਸਿੰਘ, ਬੀਬੀ ਸੁਖਜੀਤ ਕੌਰ ਅਤੇ ਮਿਉਂਸਪਲ ਕਮਿਸ਼ਨਰ ਬੀਬੀ ਮਨਪ੍ਰੀਤ ਕੌਰ ਨਾਥਪੁਰਾ ਨੇ ਇਨਾਮ ਵੰਡੇ। ਸ੍ਰੀ ਹਰਬੰਸ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਸੈਦੋਕੇ, ਸੰਤ ਮੁਖਤਿਆਰ ਸਿੰਘ ਸੈਦੋਕੇ, ਮਾਸਟਰ ਹਰਮੰਦਰ ਸਿੰਘ ਭਾਈਰੂਪਾ, ਹੈਡਮਾਸਟਰ ਨਛੱਤਰ ਸਿੰਘ ਭਾਈਰੂਪਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਵਿਸ਼ੇਸ਼ ਤੌਰ ਤੇ ਸਮਾਗਮ ਨੂੰ ਚਾਰ ਚੰਨ ਲਾਉਣ ਲਈ ਪਹੁੰਚੇ, ਸੂਬਾ ਬਲਵਿੰਦਰ ਸਿੰਘ, ਬੀਬੀ ਸੁਖਜੀਤ ਕੌਰ, ਸਕੱਤਰ ਨਵਤੇਜ ਸਿੰਘ ਅਤੇ ਬੀਬੀ ਅਮਰਜੀਤ ਕੌਰ ਨੂੰ ਸ੍ਰੀ ਗੁਰਮੇਲ ਸਿੰਘ, ਸੰਤ ਬਲਦੇਵ ਸਿੰਘ ਅਤੇ ਕਮੇਟੀ ਪ੍ਰਧਾਨ ਲਾਭ ਸਿੰਘ ਵਲੋਂ ਸਨਮਾਨ ਚਿੰਨ ਭੇਟ ਕੀਤੇ ਗਏ। ਤੀਸਰਾ ਗੁਰਮਤਿ ਸਿਖਲਾਈ ਸਮਾਗਮ ਮਨਾਂ ਤੇ ਅਮਿੱਟ ਛਾਪ ਛੱਡ ਗਿਆ।

*—ਵਲੋਂ ਡਾ. ਲਖਵੀਰ ਸਿੰਘ*

*ਕਨਵੀਨਰ ਨਾਮਧਾਰੀ ਵਿਦਿਅਕ ਜਥਾ*

*ਜ਼ੋਨ ਬਠਿੰਡਾ।*

## ਘਨਸ਼ਿਆਮ ਰੰਜਨ ਦਾ ਸਨਮਾਨ

ਉੱਤਰ ਪ੍ਰਦੇਸ਼ ਵਿਚ ਲਖਨਊ ਰਹਿੰਦੇ ਘਨਸ਼ਿਆਮ ਰੰਜਨ ਨੇ ਪਹਿਲਾਂ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਪੜ੍ਹਨੀ ਸਿੱਖੀ, ਫੇਰ ਆਧੁਨਿਕ ਪੰਜਾਬੀ ਸਾਹਿਤ ਨੂੰ ਹਿੰਦੀ ਵਿਚ ਅਨੁਵਾਦ ਕਰਨਾ ਸ਼ੁਰੂ ਕੀਤਾ। ਇਹ ਅਨੁਵਾਦ ਕਾਰਜ ਉਹ ੧੯੬੦ ਤੋਂ ਲਗਾਤਾਰ ਕਰਦਾ ਆ ਰਿਹਾ ਹੈ। ੬੨-੬੯ ਸਾਲਾਂ ਦੇ ਇਸ



Namdhari Elibrary NamdhariElibrary@gmail.com

ਸਿਰੜੀ ਪਰ ਸਰੀਰਕ ਤੌਰ ਉੱਤੇ ਬੀਮਾਰ ਰਹਿੰਦੇ ਮਨੁੱਖ ਨੇ ਲਗਭਗ ਇਕ ਸੌ ਪੰਜਾਬੀ ਕਹਾਣੀਕਾਰਾਂ, ਨਾਵਲਕਾਰਾਂ ਅਤੇ ਕਵੀਆਂ ਦੀਆਂ ਰਚਨਾਵਾਂ ਅਨੁਵਾਦ ਕੀਤੀਆਂ ਹਨ, ਜਿਹਨਾਂ ਵਿਚ ਅੱਠ ਨਾਵਲ, ਦੋ ਯਾਤਰਾ-ਸੰਸਮਰਣ, ਦੋ ਸਵੈਜੀਵਨੀਆਂ, ਛੇ ਕਹਾਣੀ-ਸੰਗ੍ਰਹਿ, ਪੰਜ ਸੌ ਵੀਹ ਕਹਾਣੀਆਂ ਅਤੇ ਦੋ ਸੌ ਤੋਂ ਉੱਤੇ ਕਵਿਤਾਵਾਂ ਸ਼ਾਮਲ ਹਨ। ਪਿਛਲੇ ਸਾਲ 'ਪੈਂਤੀਸ ਦਰਵਾਜ਼ੇ' ਕਹਾਣੀ ਸੰਗ੍ਰਹਿ ਛਪਿਆ ਜਿਸ ਵਿਚ ਸਾਰੇ ਰੰਗਾਂ ਦੇ ਪੈਂਤੀ ਪੰਜਾਬੀ ਲੇਖਕਾਂ ਦੀ ਇਕ-ਇਕ ਪ੍ਰਤੀਨਿਧ ਕਹਾਣੀ ਸ਼ਾਮਲ ਹੈ।

ਘਨਸ਼ਿਆਮ ਰੰਜਨ ਖੁਦ ਹਿੰਦੀ ਦਾ ਵਧੀਆ ਕਹਾਣੀਕਾਰ, ਕਵੀ ਅਤੇ ਚਿੱਤਰਕਾਰ ਵੀ ਹੈ। ਉਹਨੂੰ ਕਲਾ ਲਈ ਉੱਤਰ ਪ੍ਰਦੇਸ਼ ਹਿੰਦੀ ਸੰਸਥਾਨ ਲਖਨਊ ਨੇ ੧੯੯੫ ਵਿਚ ਸ਼ਿਕਸ਼ਾਰਥੀ ਬਾਲ ਚਿਤ੍ਰਕਲਾ ਸਨਮਾਨ, ਆਲ ਇੰਡੀਆ ਫਾਈਨ ਆਰਟਸ ਐਂਡ ਕਰਾਫਟ ਸੁਸਾਇਟੀ ਨਵੀਂ ਦਿੱਲੀ ਨੇ ੧੯੯੬ ਵਿਚ ਵੈਟਰਨ ਆਰਟਿਸਟ ਆਫ ਇੰਡੀਆ ਸਨਮਾਨ, ਰੰਗ-ਯਾਤਰਾ ਨੇ ੧੯੯੮ ਵਿਚ ਰੰਗ-ਸ਼੍ਰੋਮਣੀ ਸਨਮਾਨ ਨਾਲ ਸਨਮਾਨਿਆ ਸੀ। ਉਹ ਰਾਸ਼ਟਰੀ ਲਲਿਤ ਕਲਾ ਕੇਂਦਰ ਲਖਨਊ ਦੀ ਸਲਾਹਕਾਰ ਸਮਿਤੀ ਦਾ ੧੯੯੪ ਤੋਂ ਪੰਜ ਸਾਲਾਂ ਲਈ ਮੈਂਬਰ ਰਹਿ ਚੁੱਕਿਆ ਹੈ। ਕਈ ਸਾਹਿਤਕ ਅਤੇ ਕਲਾ ਪੱਤ੍ਰਿਕਾਵਾਂ ਦਾ ਸਫਲ ਸੰਪਾਦਨ ਵੀ ਕੀਤਾ। ਜਿਹਨਾਂ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨੂੰ ਹਿੰਦੀ ਵਿਚ ਅਨੁਵਾਦ ਕੀਤਾ, ਉਹਨਾਂ ਵਿਚੋਂ ਪ੍ਰਮੁੱਖ ਹਨ—ਬਲਰਾਜ ਸਾਹਨੀ, ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਪ੍ਰਭਜੋਤ ਕੌਰ, ਗੁਰਦਿਆਲ ਸਿੰਘ, ਪਿਆਰਾ ਸਿੰਘ ਦਾਤਾ, ਰਾਮ ਸਰੂਪ ਅਣਖੀ, ਜਸਵੰਤ ਸਿੰਘ ਵਿਰਦੀ, ਸੰਤੋਖ ਸਿੰਘ ਧੀਰ, ਬਚਿੰਤ ਕੌਰ, ਮਨਮੋਹਨ ਬਾਵਾ, ਜਗਜੀਤ ਬਰਾੜ, ਹਰਜੀਤ ਅਟਵਾਲ, ਦਰਸ਼ਨ ਸਿੰਘ ਧੀਰ, ਪਰਮਿੰਦਰਜੀਤ, ਬਲਬੀਰ ਪਰਵਾਨਾ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ, ਰਣਧੀਰ ਸਿੰਘ ਚੰਦ, ਦਲਬੀਰ ਚੇਤਨ, ਅਜਮੇਰ ਸਿੱਧੂ, ਜਿੰਦਰ, ਮੱਖਣ ਮਾਨ, ਬਲਦੇਵ ਸਿੰਘ, ਵੀਨਾ ਵਰਮਾ, ਜਰਨੈਲ ਸਿੰਘ, ਅਮਨਪਾਲ ਸਾਰਾ ਅਤੇ ਸੁਖਵੰਤ ਕੌਰ ਮਾਨ।

੨੯ ਮਾਰਚ ੨੦੦੩ ਨੂੰ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਨਾਲ ਪੰਜਾਬੀ ਭਵਨ ਵਿਖੇ ਅਦਾਰਾ 'ਕਹਾਣੀ ਪੰਜਾਬ' ਬਰਨਾਲਾ ਵਲੋਂ ਘਨਸ਼ਿਆਮ ਰੰਜਨ ਨੂੰ ਉਹਦੇ ਸਮੁੱਚੇ ਹਿੰਦੀ ਅਨੁਵਾਦ ਲਈ ਸਾਲ ੨੦੦੩ ਦਾ 'ਐਸ.ਐਸ. ਭੱਠਲ ਪੁਰਸਕਾਰ' ਦਿੱਤਾ ਗਿਆ, ਜਿਸ ਵਿਚ ਦਸ ਹਜ਼ਾਰ ਰੁਪਏ ਦੀ ਨਕਦ ਰਾਸ਼ੀ ਅਤੇ ਗਰਮ ਸ਼ਾਲ ਸ਼ਾਮਲ ਸੀ। ਇਸ ਸਨਮਾਨ ਸਮਾਗਮ ਵਿਚ ਪੰਜਾਹ ਲੇਖਕਾਂ ਨੇ ਭਾਗ ਲਿਆ, ਜਿਹਨਾਂ ਵਿਚ ਪ੍ਰਮੁੱਖ ਸਨ : ਪ੍ਰੇਮ ਸਿੰਘ ਬਜਾਜ, ਪ੍ਰਦੁਮਨ ਸਿੰਘ ਬੇਦੀ, ਡਾ. ਗੁਰਇਕਬਾਲ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਸੁਰਜੀਤ ਸਿੰਘ ਮੁਕਤਸਰ, ਜਿੰਦਰ, ਅਜਮੇਰ ਸਿੱਧੂ, ਬਲਦੇਵ ਸਿੰਘ ਸੜਕਨਾਮਾ, ਜਸਵੀਰ ਸਿੰਘ ਰਾਣਾ, ਜਤਿੰਦਰ ਸਿੰਘ ਹਾਂਸ, ਸ਼ਾਹ ਚਮਨ, ਨਿਰਮਲ ਜਸਵਾਲ, ਹਰਜਿੰਦਰ ਸਿੰਘ ਸੂਰੇਵਾਲੀਆ, ਪ੍ਰੋ. ਕੁਲਵੰਤ ਸਿੰਘ, ਮਿਸਿਜ਼ ਰਾਜ, ਦਰਸ਼ਨ ਸਿੰਘ ਗੁਰੂ ਆਦਿ।

ਸਮਾਗਮ ਵਿੱਚ ਬੂਟਾ ਸਿੰਘ ਚੌਹਾਨ, ਪਰਮਜੀਤ ਮਾਨ, ਗੁਰਪਾਲ ਸਿੰਘ ਨੂਰ ਅਤੇ ਕੁਲਵੰਤ ਜਗਰਾਓਂ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਸੁਣਾਈਆਂ। ਮਨਮੋਹਨ ਸਿੰਘ ਬਾਵਾ ਦੇ ਨਾਲ ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਸਨ-ਗੁਰਪ੍ਰੀਤ ਸਿੰਘ ਐਸ.ਪੀ. (ਡੀ), ਗੁਰਸੇਵਾ ਸਿੰਘ ਢਿੱਲੋਂ, ਐਸ.ਐਸ. ਭੱਠਲ, ਡਾ. ਵੇਦ ਪ੍ਰਕਾਸ਼ (ਅਲੀਗੜ੍ਹ) ਅਤੇ ਘਨਸ਼ਿਆਮ ਰੰਜਨ। ਡਾ. ਕਰਾਂਤੀਪਾਲ (ਅਲੀਗੜ੍ਹ) ਨੇ ਘਨਸ਼ਿਆਮ ਰੰਜਨ ਦੀ ਜੀਵਨ-ਜਾਚ ਸੰਬੰਧੀ ਵਿਸਥਾਰ ਨਾਲ ਦੱਸਿਆ। ਡਾ. ਵੇਦ ਪ੍ਰਕਾਸ਼ ਨੇ ਅਨੁਵਾਦ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਗੁਰਸੇਵਾ ਸਿੰਘ ਢਿੱਲੋਂ ਨੇ ਦੱਸਿਆ ਕਿ ਕਿਵੇਂ ਪੰਜਾਬੀ ਭਾਸ਼ਾ ਦੂਜੀਆਂ ਭਾਸ਼ਾਵਾਂ ਨੂੰ ਆਪਣੇ ਵਿਚ ਜਜ਼ਬ ਕਰਦੀ ਜਾ ਰਹੀ ਹੈ। ਗੁਰਪ੍ਰੀਤ ਸਿੰਘ ਨੇ ਪੁਲਿਸ ਮਹਿਕਮੇ ਵਿਚ ਰਹਿੰਦਿਆਂ ਵੀ ਪੰਜਾਬੀ ਸਾਹਿਤ ਨਾਲ ਆਪਣੇ ਡੂੰਘੇ ਲਗਾਓ ਦਾ ਪ੍ਰਗਟਾਵਾ ਕੀਤਾ। ਘਨਸ਼ਿਆਮ ਰੰਜਨ ਨੇ ਆਪਣੀ ਅਨੁਵਾਦ ਵਿਧੀ ਸੰਬੰਧੀ ਭੇਤ ਸਾਂਝੇ ਕੀਤੇ। ਅੰਤ ਵਿਚ ਮਨਮੋਹਨ ਸਿੰਘ ਬਾਵਾ ਨੇ ਸਮਾਗਮ ਦੀ ਕਾਰਵਾਈ ਨੂੰ ਸਮੇਟਦਿਆਂ ਘਨਸ਼ਿਆਮ ਰੰਜਨ ਸੰਬੰਧੀ ਕੁਝ ਰੌਚਿਕ ਯਾਦਾਂ ਦਾ ਵਰਨਣ ਕੀਤਾ।

ਅਗਲੇ ਦਿਨ ਬਰਨਾਲਾ ਵਿਖੇ ਵੀ 'ਸਾਹਿਤ ਚਰਚਾ ਮੰਚ' ਵਲੋਂ 'ਅਜੀਤ' ਅਖਬਾਰ ਦੇ ਸਬ-ਆਫਿਸ ਵਿਚ ਘਨਸ਼ਿਆਮ ਰੰਜਨ ਦਾ ਸਨਮਾਨ ਕੀਤਾ ਗਿਆ। ਸੰਤ ਬਲਬੀਰ ਸਿੰਘ ਘੁੰਨਸ ਐਮ.ਐਲ.ਏ., ਰਾਮ ਸਰੂਪ ਅਣਖੀ, ਬੂਟਾ ਸਿੰਘ ਚੌਹਾਨ, ਦਰਸ਼ਨ ਸਿੰਘ ਗੁਰੂ, ਡਾ. ਸੰਪੂਰਨ ਟੱਲੇਵਾਲੀਆਂ, ਭੋਲਾ ਸਿੰਘ ਸੰਘੇੜਾ, ਗੁਰਪਾਲ ਸਿੰਘ ਨੂਰ, ਸੁਖਮਿੰਦਰ ਸਿੰਘ ਸ਼ਹਿਣਾ ਆਦਿ ਨੇ ਸਾਂਝੇ ਤੌਰ 'ਤੇ ਥੈਲੀ ਅਤੇ ਸਿਰੋਪਾ ਭੇਟ ਕੀਤਾ। ਬਾਅਦ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਹੋਰਨਾਂ ਤੋਂ ਇਲਾਵਾ ਘਨਸ਼ਿਆਮ ਰੰਜਨ ਨੇ ਆਪਣੀਆਂ ਵੀਹ ਹਿੰਦੀ ਕਵਿਤਾਵਾਂ ਸੁਣਾਈਆਂ। ਕ੍ਰਾਂਤੀਪਾਲ ਨੇ ਦਸ ਪੰਜਾਬੀ ਕਵਿਤਾਵਾਂ ਪੇਸ਼ ਕੀਤੀਆਂ।

*—ਰਾਮ ਸਰੂਪ ਅਣਖੀ*

## ਸੰਤ ਪਿਆਰਾ ਸਿੰਘ ਬਾਜਵਾ

ਅਕਾਲ ਪੁਰਖ ਨੇ ਸਰੀਰ ਭਾਵੇਂ ਇਕੋ ਜਿਹੇ ਬਨਾਏ ਹਨ ਪਰ ਹਰ ਇਕ ਵਿਚ ਵਿਲੱਖਣਤਾ ਨਜ਼ਰ ਆਉਂਦੀ ਹੈ। ਕਈਆਂ ਦੇ ਰੰਗ ਗੋਰੇ ਕਈ ਵਿਚਲਾ ਮੇਲ ਤੇ ਕਈ ਅਤੀ ਬਦਸ਼ਕਲ। ਪਰ ਹਰ ਇਕ ਵਿਚ ਕੁਝ ਗੁਣ ਭਰਿਆ ਹੈ। ਕੁਝ ਐਸੇ ਮਨੁੱਖ ਹਨ ਜੋ ਆਪਣੇ ਸਰੀਰ ਨੂੰ ਅਤੀ ਸੁੰਦਰ ਆਪਣੀ ਮੇਹਨਤ ਨਾਲ ਬਣਾ ਲੈਂਦੇ ਹਨ। ਮੈਂ ਜਿਸ ਸ਼ਖਸੀਅਤ ਦਾ ਜ਼ਿਕਰ ਕਰ ਰਿਹਾ ਹਾਂ ਉਹ ਹਨ ਸੰਤ ਪਿਆਰਾ ਸਿੰਘ ਬਾਜਵਾ ਜਿਨ੍ਹਾਂ ਨੂੰ ਸਤਿਗੁਰ ਨੇ ਅਤੀ ਸੁੰਦਰਤਾ ਬਖਸ਼ੀ ਸੀ। ਗੋਰਾ ਰੰਗ ਮਿਕਨਾਤੀਸੀ ਅੱਖਾਂ ਗੋਲ ਚਿਹਰਾ ਆਪਣੀ ਮਿਸਾਲ ਆਪ ਸੀ। ਪੌਣੇ ਛੇ ਫੁੱਟ ਉੱਚਾ ਕੱਦ, ਸਿੱਧੀ ਦਸਤਾਰ ਤੇ ਸਫੈਦ ਨਾਮਧਾਰੀ ਬਾਣੇ ਵਿਚ ਇਦਰਪੁਰੀ ਚੋਂ ਆਇਆ ਦੇਵਤਾ ਪ੍ਰਤੀਤ ਹੁੰਦਾ ਸੀ। ਅੱਜ ਤੋਂ ੧੦੦ ਸਾਲ ਪਹਿਲਾਂ ਪਿੰਡ ਦਾਦੂ ਬਾਜਵੇ ਜ਼ਿਲ੍ਹਾ ਸਿਆਲ ਕੋਟ ਵਿਚ ਸੰਤ ਸੋਹਣ ਸਿੰਘ ਦੇ ਘਰ ਜਨਮ ਲਿਆ। ਕੁਝ ਵੱਡਾ ਹੋਣ ਤੇ ਸਨਖਤਰੇ ਸਕੂਲ ਚੋਂ ਵਿਦਿਆ ਲਈ। ਕੁਝ ਚਿਰ ਪੰਡਤ ਜਗਤ ਸਿੰਘ ਖੰਡੂ ਵਾਲੀਆਂ ਦੀ ਸ਼ਾਗਿਰਦੀ ਕੀਤੀ। ਆਪ ਦਾ ਪੜ੍ਹਨ ਨਾਲੋਂ ਸੰਗੀਤ ਵੱਲ ਜ਼ਿਆਦਾ ਰੁਝਾਨ ਸੀ। ਪਹਿਲੀ ਵਾਰ ਜ਼ਿੰਦਗੀ ਦੇ ਅਖਾੜੇ ਵਿਚ ਸੰਭੜਵਾਲ ਤੋਂ ਉਤਰੇ। ਸੰਤ ਅਤਰ ਸਿੰਘ ਜੀ ਨਾਲ ਢੋਲਕ ਵਜਾਣੀ ਸਿੱਖੀ। ਢੋਲਕ ਐਸੀ ਠਾਠ ਦੀ ਵਜਾਂਦੇ ਸਨ ਕਿ ਸੰਤ ਅਤਰ ਸਿੰਘ ਜੀ ਖੁਦ ਬਖੁਦ ਨਚਣ ਲੱਗ ਪੈਂਦੇ ਸਨ। ਬਹੁਤੇ ਲੋਕ ਇਨ੍ਹਾਂ ਦੀ ਢੋਲਕ ਸੁਣਨ ਹੀ ਔਂਦੇ ਸਨ। ਕੁਝ ਸਮੇਂ ਬਾਦ ਸੰਤ ਜੀ ਤੋਂ ਜੁਦਾ ਹੋ ਕੇ ਸੰਗੀਤ ਸਿੱਖਣ ਲੱਗ ਪਏ। ਅਵਾਜ਼ ਪ੍ਰੇਮਸਰ ਕੋਇਲ ਵਰਗੀ ਦਿੱਤੀ ਸੀ। ਜਦ ਕਿਸੇ ਰਾਗ ਵਿਚ ਸੁਰਾਂ ਮਾਰਦੇ ਸਨ ਤਾਂ ਦੀਵਾਨ ਵਿਚ ਬੈਠੇ ਸਾਰੇ ਜੀਅ ਮਸਤਾਨੇ ਹੋ ਜਾਂਦੇ ਹਨ। ਇਸ ਤੋਂ ਬਾਅਦ ਸੰਤ ਨਿਧਾਨ ਸਿੰਘ ਆਲਮ ਜੀ ਨਾਲ ਹਾਰਮੋਨੀਅਮ ਵਜਾਂਦੇ ਰਹੇ। ਆਲਮ ਜੀ ਦਾ ਲੈਕਚਰ ਤੇ ਬਾਜਵਾ ਸਾਹਿਬ ਦੀ ਗਾਇਕੀ ਨੇ ਪੰਜਾਬ ਵਿਚ ਹਲਚਲ ਮਚਾ ਦਿੱਤੀ। ਬੜਾ ਨਾਮਣਾ ਖੱਟ ਕੇ ਆਪ ਜੀ ਗਿਆਨੀ ਮਨਮੋਹਨ ਸਿੰਘ ਗੁਜਰਾਂ ਵਾਲੇ ਦਾ ਸਾਥ ਦਿੱਤਾ। ੧੯੪੭ ਤੋਂ ਬਾਦ ਹਿੰਦੋਸਤਾਨ ਆ ਕੇ ਕ੍ਰਿਪਾਲ ਪੱਟੀ (ਹਰਿਆਣਾ) ਆਬਾਦ ਹੋ ਗਏ। ਪਰ ਕਿਸਮਤ ਨੇ ਸਵਰਗੀ ਇਲਾਕੇ ਚੋਂ ਕੱਢਕੇ ਨਰਕੀ ਇਲਾਕੇ ਸੀਤਾਪੁਰ ਕੋਲ ਨਟੌਰੇ ਪਿੰਡ ਜਾ ਸੁਟਿਆ। ਆਪ ਪਰਿਵਾਰ ਨੂੰ ਛੱਡ ਕੇ ਲਖਨਊ ਚਲੇ ਗਏ। ਉਥੇ ਆਪ ਇਕੱਲੇ ਹੀ ਕੀਰਤਨ ਨਾਲ ਸ਼ਹਿਰ ਵਿਚ ਪ੍ਰਸਿੱਧ ਹੋਏ। ਨਾਮਧਾਰੀ ਧਰਮਸ਼ਾਲਾ ਲਖਨਊ ਰਹਿਣ ਲੱਗੇ। ਦੋ ਤਿੰਨ ਵਾਰੀ ਭੈਣੀ ਸਾਹਿਬ ਵੀ ਆਏ। ਬੁਡਾਪੇ ਵਿਚ ਕੀਰਤਨ ਨੂੰ ਫਿਕਿਆਂ ਨਹੀਂ ਪੈਣ ਦਿੱਤਾ। ਆਖਰ ਜ਼ਿੰਦਗੀ ਨਾਲ ਜੂਝਦਿਆਂ ਨੂੰ ਮਾਰਚ ੨੦੦੨ ਸਰੀਰ ਛੱਡ ਕੇ ਅਕਾਲਪੁਰਖ ਦੀ ਦਰਗਾਹ ਵਿਚ ਜਾ ਸਮਾਏ।

*—ਅਜੀਤ ਸਿੰਘ ਚੋਮਾ*
*ਨੈਸ਼ਨਲ ਐਵਾਰਡੀ*
*ਪਿੰਡ ਬੁਸੋਵਾਲ, ਡਾਕਖਾਨਾ ਸੁਲਤਾਨਪੁਰ, ਲੋਧੀ*

## ਚਰਨ ਸੀਚੇਵਾਲੀਆ ਸੇਵਾ ਮੁਕਤ ਹੋਏ


*ਚਰਨ ਸੀਚੇਵਾਲਵੀ ਦੀ ਸੇਵਾ ਮੁਕਤੀ ਸਮੇਂ ਘਰ ਪਹੁੰਚਣ ਤੇ ਸਵਾਗਤ। ਨਾਲ ਹਨ ਸ੍ਰੀਮਤੀ ਸੀਚੇਵਾਲਵੀ।*

ਜੀ.ਈ. ਈਸਟ ਜਲੰਧਰ ਕੈਂਟ ਦੇ ਸਮੂਹ ਸਟਾਫ ਵਲੋਂ ਪੰਜਾਬੀ ਕਵੀ ਚਰਨ ਸੀਚੇਵਾਲਵੀ ਨੂੰ ੩੧ ਮਾਰਚ, ੨੦੦੩ ਨੂੰ ਸੇਵਾ-ਮੁਕਤੀ ਤੇ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਤੇ ਜੀ.ਈ. ਨੇ ਬੋਲਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੀ ਡਿਊਟੀ ਬੜੀ ਲਗਨ ਤੇ ਇਮਾਨਦਾਰੀ ਨਾਲ ਨਿਭਾਈ ਅਤੇ ਕਾਮਨਾ ਕੀਤੀ ਕਿ ਇਹ ਤੇ ਇਨ੍ਹਾਂ ਦਾ ਪਰਿਵਾਰ ਬਾਕੀ ਦੀ ਜ਼ਿੰਦਗੀ ਵਿਚ ਵੀ ਚੜ੍ਹਦੀ ਕਲਾ 'ਚ ਰਹਿਣ। ਏਥੇ ਇਹ ਵੀ ਲਿਖਣਾ ਚੰਗਾ ਲਗਦੈ ਕਿ ਚਰਨ ਸੀਚੇਵਾਲਵੀ ਆਪਣੀਆਂ ਚਾਰ ਪੁਸਤਕਾਂ 'ਚੁਪ ਦੀ ਆਵਾਜ਼' (ਕਾਵਿ-ਸੰਗ੍ਰਹਿ), ਕਾਵੇਰੀ (ਗ਼ਜ਼ਲ-ਸੰਗ੍ਰਹਿ), 'ਕੋਇਲ ਦੀ ਕੂਹੂ' (ਗੀਤ-ਸੰਗ੍ਰਹਿ) ਅਤੇ ਘੁੱਗੀ ਦਾ ਵਿਰਲਾਪ (ਕਾਵਿ ਸੰਗ੍ਰਹਿ) ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਇਸ ਮੌਕੇ ਤੇ ਘਰ ਪਹੁੰਚਣ ਤੇ ਵੀ ਇਨ੍ਹਾਂ ਦੇ ਸਮੂਹ ਪਰਿਵਾਰ ਤੇ ਮੁਹੱਲਾ ਨਿਵਾਸੀਆਂ ਵਲੋਂ ਇਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਗਿਆ।


Namdhari Elibrary NamdhariElibrary@gmail.com

# ਗੁਰਿੰਦਰ ਸਿੰਘ ਮਣੀ

*—ਜਗਦੀਸ਼ ਸਿੰਘ*

ਗੁਰਿੰਦਰ ਸਿੰਘ ਮਣੀ ਤਬਲਾ ਵਾਦਨ ਵਿਚ ਸਾਰੀਆਂ ਯੂਨੀਵਰਸਿਟੀਆਂ ਵਿਚੋਂ ਪ੍ਰਥਮ ਰਹਿ ਕੇ ਸੋਨੇ ਦਾ ਤਮਗਾ ਜਿਤ ਕੇ ਲਿਆਇਆ ਹੈ। ਆਂਧਰਾ ਪ੍ਰਦੇਸ਼ ਦੇ ਸ਼ਹਿਰ ਵਾਰੰਗਲ ਵਿਚ ਇਹ ਅੰਤਰ ਯੂਨੀਵਰਸਿਟੀ ਮੁਕਾਬਲਾ ਹੋਇਆ ਹੈ। ਸੰਨ ੧੯੮੪ ਵਿਚ ਜਨਮਿਆ ਇਹ ਨੌਜੁਆਨ ਚੁੱਪ ਗੜੁਪ ਅਤੇ ਸੰਗਾਊ ਏਨਾ ਹੈ ਕਿ ਆਪਣੇ ਆਪ ਬਾਰੇ ਦੱਸਣ ਲਗਿਆਂ ਡਾਢਾ ਸ਼ਰਮਾ ਜਾਂਦਾ ਹੈ। ਇਸ ਉਨੀ ਸਾਲ ਦੇ ਕਲਾਕਾਰ ਦੀ ਕਹਾਣੀ ਮੈਂ ਤੀਹ ਸਾਲ ਤੋਂ ਜਾਣਦਾ ਹੈ।

ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਲੰਧਰ ਵਿਚ ਸੰਗੀਤ ਸਿਖਾਉਣ ਲਈ ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਵਿਚ ਇਕ ਕੇਂਦਰ ਖੋਹਲਿਆ ਤਾਂ ਤਬਲੇ ਦੀ ਕਲਾਸ ਜਗਦੀਸ਼ ਚੰਦਰ ਮਿਸ਼ਰਾ ਲਾਉਂਦੇ ਸਨ। ਉਹਦੇ ਵਿਚ ਇਕ ਬਾਲਕ ਸੁਖਵਿੰਦਰ ਸਿੰਘ (ਪੱਪੂ) ਬਹੁਤ ਪਿਆਰਾ ਤਬਲਾ ਵਜਾਉਣ ਲੱਗ ਪਿਆ। ਸਤਿਗੁਰੂ ਜੀ ਨੂੰ ਉਸ ਦਾ ਤਬਲਾ ਭਾਅ ਗਿਆ ਤਾਂ ਆਪ ਜੀ ਨੇ ਫੈਸਲਾ ਕੀਤਾ ਕਿ ਇਸ ਨੂੰ ਬਨਾਰਸ ਭੇਜਿਆ ਜਾਵੇ—ਜਗਤ ਪ੍ਰਸਿੱਧ ਤਬਲਾ ਸਮਰਾਟ ਪੰਡਿਤ ਕਿਸ਼ਨ ਮਹਾਰਾਜ ਪਾਸੋਂ ਤਬਲੇ ਦੀ ਉੱਚ ਸਿਖਿਆ ਲੈਣ ਵਾਸਤੇ। ਸੁਖਵਿੰਦਰ ਸਿੰਘ ਅਜੇ ਬੱਚਾ ਹੀ ਸੀ ਤੇ ਪਰਚਾ ਔਖਾ ਸੀ। ਪਰਚਾ ਸੌਖਾ ਕਰਨ ਲਈ ਸੁਖਵਿੰਦਰ ਸਿੰਘ ਨੂੰ ਇਕ ਸਾਥੀ ਦਿੱਤਾ ਗਿਆ ਸੁਖਦੇਵ ਸਿੰਘ (ਸੁੱਖਾ) ਜੋ ਖੁਦ ਵੀ ਚੰਗਾ ਤਬਲਾ ਵਜਾ ਲੈਂਦਾ ਸੀ। ਬਾਲਕਾਂ ਦੀ ਇਹ ਜੋੜੀ ਬਨਾਰਸ ਭੇਜ ਦਿੱਤੀ ਗਈ। ਇਸ ਜੋੜੀ ਦੇ ਪਿਛੇ ਪਿਛੇ ਮੈਨੂੰ ਵੀ ਕਈ ਵਾਰ ਸਤਿਗੁਰੂ ਜੀ ਨੇ ਬਨਾਰਸ ਭੇਜਿਆ ਇਹਨਾਂ ਦੀ ਖਬਰ ਸਾਰ ਲੈਣ ਵਾਸਤੇ। ਸੁਖਵਿੰਦਰ ਸਿੰਘ-ਸੁਖਦੇਵ ਸਿੰਘ ਉਥੇ ਇਕ ਨਾਮਧਾਰੀ ਸ. ਸੰਤੋਖ ਸਿੰਘ ਦੇ ਘਰ ਰਹਿ ਕੇ ਤਬਲਾ ਸਿਖਣ ਲੱਗੇ। ਵਾਹਵਾ ਮਿਹਨਤ ਕੀਤੀ। ਇਹਨਾਂ ਨਾਲ ਬਾਦ ਵਿਚ ਸੁਖਵਿੰਦਰ ਸਿੰਘ ਪਿੰਕੀ ਵੀ ਸ਼ਾਮਲ ਹੋ ਗਿਆ। ਕੁਝ ਦੇਰ ਬਾਦ ਸੁਖਵਿੰਦਰ ਪੱਪੂ ਨੂੰ ਘਰ ਦੀ ਯਾਦ ਨੇ ਬਹੁਤ ਸਤਾਇਆ। ਸਿਖਲਾਈ ਕਾਰਜ ਵਿਚ ਔਖ ਵੀ ਬਹੁਤ ਹੁੰਦੀ ਹੈ, ਨਹੀ ਤਾਂ ਜਣਾ ਖਣਾ ਨਾ ਇਹ ਸਿਖ ਲਿਆ ਕਰੇ। ਸੁਖਵਿੰਦਰ ਪੱਪੂ ਨੇ ਤਬਲਾ ਸਿਖਲਾਈ ਦੀ ਦੌੜ ਛੱਡ ਦਿੱਤੀ। ਜਲੰਧਰ ਆ ਕੇ ਕੰਮ ਕਰਨ ਲੱਗਾ ਤੇ ਅੱਜ ਕਲ੍ਹ ਕੁਝਬੰਈ ਆਦਿਕ ਥਾਵਾਂ ਤੇ ਰੋਟੀ ਰੋਜ਼ੀ ਕਮਾ ਰਿਹਾ ਹੈ। ਸੁਖਦੇਵ ਤੇ ਪਿੰਕੀ ਡਟੇ ਰਹੇ। ਪਿੰਕੀ ਤਾਂ ਬਹੁਤ ਤੇਜ਼ ਤਰਾਰ ਸੀ ਅਤੇ ਭੈਣੀ ਸਾਹਿਬ ਤੋਂ ਹੀ ਬਹੁਤ ਕੁਝ ਸਿਖਿਆ ਲੈ ਕੇ ਗਿਆ ਸੀ। ਸੁਖਦੇਵ ਬਨਾਰਸ ਵਿਚ ਆਪਣੇ ਮੋਟਰ ਮਕੈਨਕੀ ਦੇ ਹੁਨਰ ਨੂੰ ਵੀ ਵਰਤਦਾ ਰਿਹਾ। ਕਿਸ਼ਨ ਮਹਾਰਾਜ ਕੋਲ ਟਿਕਣਾ ਸੌਖਾ ਨਹੀਂ। ਇਕ ਦਿਨ ਸੁਖਦੇਵ ਸਿੰਘ ਜੀ ਵੀ ਆਖਰ ਵਾਪਸ ਆ ਗਏ। ਪਿੰਕੀ ਤਾਂ ਸਮਾਂ ਪਾ ਕੇ ਅੰਤਰਰਾਸ਼ਟਰੀ ਕਲਾਕਾਰ ਸਥਾਪਤ ਹੋ ਗਿਆ ਤੇ ਸੁਖਦੇਵ ਸਿੰਘ ਨੇ ਜਲੰਧਰ ਵਿਚ ਸਕੂਟਰ ਮੋਟਰ ਸਾਇਕਲਾਂ ਦੀ ਮੁਰੰਮਤ ਦਾ ਕਾਰੋਬਾਰ ਖੋਲ੍ਹ ਲਿਆ ਤੇ ਕਾਰਾਂ ਖਰੀਦਣ ਵੇਚਣ ਦਾ ਧੰਦਾ ਵੀ ਬਾਦ ਵਿਚ ਅਪਣਾ ਲਿਆ। ਸੁਖਦੇਵ ਸਿੰਘ ਦਾ ਤਬਲੇ ਦਾ ਅਭਿਆਸ ਜਾਰੀ ਰਿਹਾ। ਸ੍ਰੀ ਭੈਣੀ ਸਾਹਿਬ ਸੰਗੀਤ ਕਲਾ ਕੇਂਦਰ ਨਾਲ ਵੀ ਜੁੜਿਆ ਰਿਹਾ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦਾ ਪਾਤਰ ਵੀ ਬਣਿਆ ਰਿਹਾ। ਉਹ ਅਕਸਰ ਭਾਰਤ ਵਿਚ ਮੋਹਨ ਸਿੰਘ ਸੁਖਦੇਵ ਸਿੰਘ ਨਾਲ ਵੀ ਤਬਲਾ ਸੰਗਤ ਕਰਦਾ ਰਿਹਾ। ਦੇਸ਼ ਵਿਚ ਸੰਗੀਤ ਸਮਾਰੋਹਾਂ 'ਚ ਵੀ ਭਾਗ ਲੈਂਦਾ ਰਿਹਾ ਅਤੇ ਇਕ ਵਾਰ ਅਫਰੀਕਾ ਵਿਚ ਕੀਨੀਆ ਵੀ ਹੋ ਆਇਆ ਉਥੇ ਪੰਡਿਤ ਰਾਜਨ ਸਾਜਨ ਮਿਸਰਾ ਨਾਲ ਵੀ ਤਬਲੇ ਤੇ ਸੰਗਤ ਕਰ ਆਇਆ। ਉਹ ਇੰਗਲੈਂਡ ਵਿਚ ਵੀ ਸੰਗੀਤ ਕਾਰਜ ਲਈ ਗਿਆ। ਜਲੰਧਰ ਦੀਆਂ ਸੰਗੀਤ ਸਰਗਰਮੀਆਂ ਨਾਲ ਉਹ ਸਰਗਰਮੀ ਨਾਲ ਜੁੜਿਆ ਰਿਹਾ। ਇਥੇ ਹੀ ਉਸ ਦਾ ਵਿਆਹ ਹੋਇਆ ਅਤੇ ਸੰਨ ੧੯੮੪ ਵਿਚ ਭੁਝੰਗੀ ਦਾ ਜਨਮ ਹੋਇਆ। ਭੁਝੰਗੀ ਦਾ ਨਾਮ ਰਖਿਆ ਗੁਰਿੰਦਰ ਸਿੰਘ ਤੇ ਉਪਨਾਮ ਪੈ ਗਿਆ ਮਣੀ।

ਹੁਣ ਸੁਖਦੇਵ ਸਿੰਘ ਨੇ ਆਪਣੀ ਕਲਾ ਕੌਸ਼ਲਤਾ ਆਪਣੇ ਸਪੁੱਤਰ ਵਿਚ ਉਡੇਲ ਦਿੱਤੀ। ਛੋਟੇ ਜਿਹੇ ਮਣੀ ਨੇ ਹੀ ਵੱਡਾ ਸਾਰਾ ਤਬਲਾ ਚੁੱਕ ਲਿਆ। ਉਹ ਚੁੱਪ ਚਪੀਤਾ ਤਬਲੇ ਦਾ ਰਿਆਜ਼ ਕਰਦਾ ਰਿਹਾ। ਮੁੱਢਲੀ ਸਿਖਿਆ ਸੁਖਦੇਵ ਸਿੰਘ ਨੇ ਆਪ ਦਿੱਤੀ। ਫੇਰ ਮਸ਼ਹੂਰ ਤਬਲਾ ਸ਼ਾਸਤਰੀ ਪੰਡਿਤ ਰਮਾ ਕਾਂਤ ਕੋਲ ਸ਼ਾਗਿਰਦ ਬੈਠਾਇਆ। ਜਤਿੰਦਰ ਪਾਲ ਸਿੰਘ ਚਿੰਰਾ ਕੋਲੋਂ ਪਖਾਵਜ ਦੀ ਸਿਖਿਆ ਵੀ ਦਿਵਾਈ।

ਗੁਰਦੁਆਰੇ ਲਗਦੀ ਆਸਾ ਦੀ ਵਾਰ ਵਿਚ ਸੰਤ ਬਲਬੀਰ ਸਿੰਘ ਨਾਲ ਵੀ ਅੱਛੀ ਸੰਗਤ ਕਰਨ ਲੱਗ ਪਿਆ। ਐਸ ਵੇਲੇ ਉਹ ਨੌਜਵਾਨਾਂ ਵਿਚ ਹਰਮਨ ਪਿਆਰਾ ਤਬਲਾ ਵਾਦਕ ਬਣ ਗਿਆ ਹੈ। ਦੁਆਬਾ ਕਾਲਜ ਜਲੰਧਰ ਦਾ ਇਸ ਵੇਲੇ ਮਨੀ ਵਿਦਿਆਰਥੀ ਹੈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਅੰਤਰ ਕਾਲਜ ਮੁਕਾਬਲਿਆਂ ਵਿਚ ਉਹ ਤਾਲ ਦੇ ਸਾਜ਼ਾਂ ਦੇ ਮੁਕਾਬਲੇ ਵਿਚ ਪ੍ਰਥਮ ਰਿਹਾ ਹੈ। ਅਲਾਹਾਬਾਦ ਵਿਚ ਨਾਰਥ ਜ਼ੋਨ ਇੰਟਰ ਵਰਸਟੀ ਮੁਕਾਬਲਿਆਂ 'ਚ ਸੈਕਿੰਡ ਰਿਹਾ।

ਹਰਬਲਭ ਸੰਗੀਤ ਸਮਾਰੋਹ ਦੇ ਮੁਕਾਬਲਿਆਂ ਵਿਚ ਉਹ ਜੂਨੀਅਰ ਵਰਗ ਵਿਚ ਪ੍ਰਥਮ ਰਹਿ ਚੁੱਕਾ ਹੈ। ਵਿਸ਼ੇਸ਼ ਵਰਗ ਵਿਚੋਂ ਉਹ ਤੀਸਰੇ ਸਥਾਨ ਨੂੰ ਛੋਟੀ ਉਮਰ ਵਿਚ ਹੀ ਪ੍ਰਾਪਤ ਕਰ ਗਿਆ। ਪਿਛਲੇ ਸਾਲ ਤ੍ਰਿਵੇਂਦਰਮ ਤਾਮਿਲਨਾਡੂ ਵਿਚ ਇੰਟਰ ਵਰਸਟੀ ਓਪਨ ਮੁਕਾਬਲਿਆਂ ਵਿਚ ਉਹ ਮਰਦੰਗ ਵਾਦਨ ਨਾਲ ਬਹੁਤ ਪ੍ਰਸੰਸਾ ਪ੍ਰਾਪਤ ਕਰਕੇ ਆਇਆ ਹੈ। ਨਾਮਧਾਰੀ ਵਿਦਿਅਕ ਜਥੇ ਦੇ ਸੰਮੇਲਨ, ਅਤੇ ਵੱਖ-ਵੱਖ ਥਾਈਂ ਸੰਗੀਤ ਸੰਮੇਲਨਾਂ ਵਿਚ ਵਾਹਵਾ ਮਾਨ ਸਨਮਾਨ ਪ੍ਰਾਪਤ ਕਰ ਰਿਹਾ ਹੈ। ਅਤੇ ਹੁਣ ਕੁਲ ਯੂਨੀਵਰਸਿਟੀਆਂ ਚੋਂ ਅੱਵਲ ਆਇਆ ਹੈ।

ਮੇਰੀ ਅਰਦਾਸ ਹੈ ਕਿ ਅਜ਼ੀਜ਼ ਮਨੀ ਇਸੇ ਸੰਜੀਦਗੀ ਅਤੇ ਭੋਲੇ ਭਾ ਨਾਲ ਹੀ ਸੰਗੀਤ ਅਭਿਆਸ ਵਿਚ ਲਗਾ ਰਹੇ ਅਤੇ ਉਚੀਆਂ ਤੇ ਉਚੀਆਂ ਬੁਲੰਦੀਆਂ ਛੂਹੇ। ਚਸ਼ਮੇ-ਬਦ-ਦੂਰ।

ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ
ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈਂ



Namdhari Elibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



ਗੁਰਦਿਆਲ ਸਿੰਘ ਐਂਡ ਸਨਜ਼
ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prop. S. Ajit Singh Namdhari

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-[illegible] (U.P.)
PHONE: OFF: [illegible]
RESI: [illegible]
[illegible]

MFRS. OF
HYDRAULIC PRESSES FOR THE USE OF
• RUBBER MOULDING
• CONVEYOR & TRANSMISSION BELTING
• PLYWOOD HOT PRESSES
• DEEP DRAWING
• CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill
Spares, Textile Mill Spares, Distillery
Spares & Solvent Plant Spares All Type of
Gear & Chain Sprockets & Industrial Chain
Partner : S. Puran Singh Saggu
S. Narinder Singh Saggu
Old Railway Road, Jalandhar. Ph. : 458785, 459056



Namdhari Elibrary NamdhariElibrary@gmail.com





Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

**Pinoneer Manufacturer in India of**

- **Automatic machines for producing Biscuits**
- **Automatic machines for producing Wafers**

**and**

**Makers of High quality Biscuits**

*BBL FOODS PVT. LTD.*

*Santosh Nagar (X) Roads, Hyderabad-500 059 India*

*Ph.:— +91-40-4530680, 82,84* *Fax :— +91-40–4530475*

*E-mail:amber @hd1.vsnl.net.in*

**Balvinder Pal Singh**
*Manging Director*

**Lakhbir Singh Muchhal**
*Director*

**Bakhshish Singh Muchhal**
*Director*



Namdhari Elibrary NamdhariElibrary@gmail.com





ਗੁਰਿੰਦਰ ਸਿੰਘ ਮਣੀ

ਜੋ ਅੰਤਰਯੂਨੀਵਰਸਿਟੀ ਸੰਗੀਤ ਮੁਕਾਬਲਿਆਂ ਵਿਚ ਭਾਰਤ ਵਿਚੋਂ ਤਬਲਾ ਵਾਦਨ ਵਿਚ ਪ੍ਰਥਮ ਰਿਹਾ (ਸੱਜੇ ਪਾਸੇ - ਬਚਪਨ ਦੀ ਤਸਵੀਰ)




ਰਾਮਪੁਰਾ ਫੂਲ ਵਿਖੇ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦੇ ਮੁਖ ਅਹੁਦੇਦਾਰ ਬੱਚਿਆਂ ਨੂੰ ਇਨਾਮ ਵੰਡਦੇ ਹੋਏ।

Namdhari Elibrary NamdhariElibrary@gmail.com

Registered No. P.B(0016) 2003 MONTHLY WARIAM Ladowali Road, Jalandhar-144 001
Regd. RNI No. 26453/75 MAY 2003









NS

**NAMDHARI SEEDS**

*ਤੁਹਾਡੀ ਖੁਸ਼ਹਾਲੀ ਦਾ ਰਾਜ਼*

**"ਨਾਮਧਾਰੀ ਸੀਡਜ਼"**

**ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ**

ਟਮਾਟਰ : N.S. 815, ਉਤਸਵ ਅਤੇ ਅਮੋਘ
ਫੁੱਲ ਗੋਭੀ : N.S. 60, N.S. 84 ਅਤੇ N.S. 90
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : N.S. 295 (ਸਮਰ ਸਵੀਟ) N.S. 246
ਖਰਬੂਜਾ : N.S. 7455 ਅਤੇ ਅਭਿਜੀਤ
ਲੌਕੀ (ਘੀਆ) : ਕਾਵੇਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :*

**ਨਾਮਧਾਰੀ ਸੀਡਜ਼ ਪ੍ਰਾ. ਲਿ.**

Head Office :
**Namdhari Seeds Pvt. Ltd.**
Bidadi, Bangalore (India)

Tel. : 080-72 82 653
72 82 654
City Office : 080-8602167
Fax : 080-8602168

*ਰੀਜਨਲ ਆਫਿਸ :*

ਪਿੰਡ ਰਾਈਆਂ, ਕੁਹਾੜਾ-ਮਾਛੀਵਾੜਾ ਰੋਡ,
ਜ਼ਿਲ੍ਹਾ ਲੁਧਿਆਣਾ।
ਫੋਨ : 0161-834036, 834420
ਮੋਬਾਈਲ : 98141-33109

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ :2222543, ਨਿਵਾਸ : 2456289

Namdhari Elibrary NamdhariElibrary@gmail.com